ਵੇਦਯਕ (16) ਸੂਰਜ ਪ੍ਰਗਿਆਪਤੀ (17) ਪੌਰਸੀ ਮੰਡਲ (18) ਮੰਡਲ ਪ੍ਰਵੇਸ਼ (19) ਵਿਦਿਆ-ਚਰਨ ਵਿਨਿਸਚੈ (20) ਗਣੀ ਵਿਦਿਆ (21) ਧਿਆਨ ਵਿਭਕਤੀ (22) ਮਰਨ ਵਿਭਕਤੀ (23) ਆਤਮ ਵਿਸ਼ੋਧੀ (24) ਵੀਤਰਾਗ ਸ਼ਰੁਤ (25) ਸੰਲੇਖਨਾ ਸ਼ਰੁਤ (26) ਵਿਹਾਰ ਕਲਪ (27) ਚਰਣਾ ਵਿਧਿ (28) ਆਤੁਰ ਪ੍ਰਤਿਖਿਆਨ (29) ਮਹਾਪ੍ਰਤਿਖਿਆਨ (30) ਦਰਿਸ਼ਟੀਵਾਦ।

**ਕਾਲਿਕ**—(1) ਉੱਤਰਾਧਿਐਨ (2) ਦਸ਼ਾ ਵਿਵਹਾਰ ਕਲਪ (3) ਕਲਪ (4) ਨਸ਼ਿਥ (5) ਮਹਾਨਸ਼ਿਥ (6) ਰਿਸ਼ੀ ਭਾਸ਼ੀਤ (7) ਜੰਬੂਦੀਪ (8) ਦੀਪ ਸਾਗਰ ਪ੍ਰਗਿਆਪਤੀ (9) ਚੰਦਰ ਪ੍ਰਗਿਆਪਤੀ (10) ਖੁੜਿਕਾ ਵਿਮਾਨ ਵਿਭਅਕਤੀ (11) ਮਹਤੀ ਵਿਮਾਨ ਵਿਭਕਤੀ (12) ਅੰਗ ਚੂਲਿਕਾ (13) ਬੰਗ ਚੂਲਿਕਾ (14) ਵਿਵਾਹ ਚੂਲਿਕਾ (15) ਅਰਣੋਪਪਾਤ (16) ਵਰੁਣੋਪਪਾਤ (17) ਗਰੁੜੋ-ਪਪਾਤ (18) ਧਰਣੋਪਪਾਤ (19) ਵੇਸ਼ਰਮਣਪਪਾਤ (20) ਵੇਲਧਰੋਪਪਾਤ (21) ਦੇਵਿੰਦਰੋ ਪਾਪਤ (22) ਉਥਾਨ ਸ਼ਰੁਤ (23) ਸਮੁਥਾਨ ਸ਼ਰੁਤ (24) ਨਾਗ-ਪਰਿਤਾਪਨਿਕਾ (25) ਕਲਪਿਕਾ (26) ਕਲਪਬਤਾਸਿਕਾ (27) ਪੁਸ਼ਪਿਕਾ (28) ਪੁਸ਼ਪਚੁਲਿਕਾ (29) ਬਿਸਨੀਦਸ਼ਾ।

**ਅੰਗ**—(1) ਅਚਾਰ (2) ਸੂਤਰ ਕ੍ਰਿਤ (3) ਸਥਾਨ (4) ਸਮਵਾਯ (5) ਭਗਵਤੀ (6) ਗਿਆਤਾ ਧਰਮ ਕਥਾ (7) ਉਪਾਸਕ ਦਸ਼ਾ (8) ਅੰਤਕ੍ਰਿਤ ਦਸ਼ਾ (9) ਅਨੁਤਰੋਪਾਤਿਕ ਦਸ਼ਾ (10) ਪ੍ਰਸ਼ਨਵਿਆਕਰਨ (11) ਵਿਪਾਕ (29+30+12—71)[1] (72) ਆਵਸ਼ਕ (73) ਅੰਤਕ੍ਰਿਤ ਦਸ਼ਾ (74) ਪ੍ਰਸ਼ਨਵਿਆਕਰਨ (75) ਅਨੁਤਰੋਪਾਤਿਕ ਦਸ਼ਾ (76) ਬੰਧ ਦਸ਼ਾ (72) ਦਿਵੀਗ੍ਰਧਿ ਦਸ਼ਾ (78) ਦੀਰਘ ਦਸ਼ਾ (79) ਸੁਪਨ ਭਾਵਨਾ (80) ਚਾਰਨ ਭਾਵਨਾ (81) ਤੇਜੋਨਿਗਰਗ (82) ਆਸੀਵਿਸ਼ ਭਾਵਨਾ (83) ਦਰਿਸ਼ਟੀਵਿਸ਼ ਭਾਵਨਾ (84) 55 ਅਧਿਐਨ ਕਲਿਆਨ ਫਲ ਵਿਪਾਕ ਤੇ 55 ਅਧਿਐਨ ਪਾਪ ਫਲ ਵਿਪਾਕ।

**ਅੱਜ ਕਲ ਜੋ 45 ਆਗਮ ਮਿਲਦੇ ਹਨ ਉਨ੍ਹਾਂ ਦੇ ਨਾਉਂ ਇਸ ਪ੍ਰਕਾਰ ਹਨ :**

(1) **11 ਅੰਗ**—(1) ਆਚਾਰੰਗ ਸੂਤਰ (2) ਸੂਤਰਕ੍ਰਿਤਾਂਗ ਸੂਤਰ (3) ਸਥਾਨੰਗ ਸੂਤਰ (4) ਸਮਵੰਯਾਗ ਸੂਤਰ (5) ਭਗਵਤੀ ਜਾਂ ਵਿਆਖਿਆ ਪ੍ਰਗਿਆਪਤੀ ਸੂਤਰ (6) ਗਿਆਤਾ ਪਰਮ ਕਥਾਂਗ ਸੂਤਰ (7) ਉਪਾਸਕ ਦਸ਼ਾਂਗ ਸੂਤਰ (8) ਅੰਤਕਿ-ਦਸ਼ਾਂਗ ਸੂਤਰ (9) ਅਨਉਤਰੋਪਾਤਿਕ ਸੂਤਰ (10) ਪ੍ਰਸ਼ਨ ਵਿਆਕਰਣ ਸੂਤਰ (11)

---

(1) ਨੰਦੀ ਸੂਤਰ (2) 73 ਤੋਂ 78 ਸੂਤਰਾਂ ਦੇ ਨਾਉਂ ਸਥਾਨੰਗ ਸੂਤਰ (3) 72 ਤੋਂ 83 ਸੂਤਰਾਂ ਦੇ ਨਾਉਂ ਵਿਵਹਾਰ ਸੂਤਰ ਵਿਚ ਹਨ।

ਵਿਪਾਕ ਸੂਤਰ ।

(2) **12 ਉਪਾਂਗ**—ਔਪਪਾਤਿਕ ਸੂਤਰ (2) ਰਾਜਪ੍ਰਸ਼ਨੀਯ (3) ਜੀਵਾ-ਭਿਗਮ (4) ਪ੍ਰਗਿਆਪਨਾ (5) ਜੰਬੂਦੀਪ ਪਰਿਗਿਆਪਤੀ (6) ਚੰਦਰ ਪ੍ਰਗਿਆ-ਪਤੀ (7) ਸੁਰਿਆ ਪ੍ਰਗਿਆਪਤੀ (8) ਨਿਰਿਆਬਲਿਕਾ (9) ਕਲਪਾਵਤਸਿੰਕਾ (10) ਪੁਸ਼ਪਿਕਾ (11) ਪੁਸ਼ਪਚੁਲਾ (12) ਵਰਿਨਸ਼ੀ ਦਸ਼ਾ ।

(3) **6 ਛੇਦ ਸੂਤਰ**—(1) ਨਿਸ਼ਿਥ (2) ਮਹਾਨਿਸ਼ਿਥ (3) ਵਿਵਹਾਰ (4) ਦਸ਼ਾਸਰੁਤ ਸਕੰਧ (5) ਬ੍ਰਹਤਕਲਪ (6) ਪੰਚਕਲਪ ।

(4) **6 ਮੂਲ ਸੂਤਰ**—(1) ਉੱਤਰਾਧਿਐਨ (2) ਆਵੱਸ਼ਕ (3) ਦਸ਼ਵੈ-ਕਾਲਿਕ (4) ਪਿੰਡਨਿਯੁਕਤੀ (5) ਨੰਦੀ (6) ਅਨੁਯੋਗ ਦਵਾਰ ।

(5) 10 **ਪਰਿਕਿਰਣਕ**—(1) ਚਤੁਸ਼ਰਨ (2) ਆਤੁਰ ਪ੍ਰਤਿਆਖਿਆਨ (3) ਮਹਾਂ ਪ੍ਰਤਿਆਖਿਆਨ (4) ਸੰਸਤਾਰਕ (5) ਭਕਤ ਪ੍ਰਤਿਖਿਆਨ (6) ਚੰਦਰ ਕਵੈਦਿਯਕ (7) ਦਵੇਂਦਰਸਤਵ (8) ਗਣੀਵਿਦਿਆ (9) ਮਹਾ ਪ੍ਰਤਿਆਖਿਆਨ (10) ਵੀਰਸਤਵ ।

ਪਰ ਜੈਨੀਆਂ ਦੇ ਸ਼ਵੇਤਾਂਬਰ ਸਥਾਨਕ ਵਾਸੀ ਤੇ ਤੇਰਾਪੰਥੀ ਫਿਰਕੇ 32 ਆਗਮਾਂ ਨੂੰ ਹੀ ਪ੍ਰਮਾਣਿਕ ਮੰਨਦੇ ਹਨ । ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ :

**11 ਅੰਗ**—(1) ਅਚਾਰੰਗ (2) ਸੂਤਰਕ੍ਰਿਤਾਂਗ (3) ਸਥਾਨੰਗ (4) ਸਮਵਾਯਾਂਗ (5) ਭਗਵਤੀ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸ਼ਾਂਗ (8) ਅੰਤਕ੍ਰਿਤਾਂਗ (9) ਅਨੁਤਰੋਪਾਤਿਕ ਸੂਤਰ (10) ਪ੍ਰਸ਼ਨ ਵਿਆਕਰਨ (11) ਵਿਪਾਕ

**12 ਉਪਾਂਗ**—(1) ਔਪਪਾਤਿਕ (2) ਰਾਜਪ੍ਰਸ਼ਨੀਆ (3) ਜੀਵਾਭਿਗਮ (4) ਪ੍ਰਗਿਆਪਨਾ (5) ਸੂਰਜ ਪ੍ਰਗਿਆਪਤੀ (6) ਜੰਬੂਦੀਪ ਪ੍ਰਗਿਆਪਤੀ (7) ਚੰਦਰ ਪ੍ਰਗਿਆਪਤੀ (8) ਨਿਰਯਾਵਾਲਿਕ (9) ਕਲਪਾਵੰਤਸੀਕ (10) ਪੁਸ਼ਪਿਕ (11) ਪੁਸ਼ਪਚਲਿਕਾ (12) ਵਰਿਸ਼ਨੀ ਦਸ਼ਾ ।


**(4) ਮੂਲ ਸੂਤਰ**—(1) ਦਸ਼ਵੈਕਾਲਿਕ (2) ਉੱਤਰਾਧਿਐਨ (3) ਨੰਦੀ (4) ਅਨੁਯੋਗਦਵਾਰ ।

**(5) ਛੇਦ ਸੂਤਰ**—(1) ਨਸ਼ਿਥ (2) ਵਿਵਹਾਰ (3) ਬ੍ਰਹਤ ਕਲਪ (4) ਦਸ਼ਾਸ਼ਰੁਤ ਸਕੰਧ (5) ਆਵੱਸ਼ਕ ।

# ਨਵਕਾਰ ਮੰਤਰ ਦੀ ਵਿਆਖਿਆ

ਅਰਿਹੰਤ ]
ਸਿੱਧ ] ਦੇਵ

ਅਚਾਰਿਆ ]
ਉਪਾਧਿਆ ] ਗੁਰੂ
ਸਾਧੂ ]




## ਧਰਮ

ਮੁਕਤੀ ਦਾ ਰਾਹ
ਸਮਿੱਅਕ ਗਿਆਨ
ਸਮਿੱਅਕ ਦਰਸ਼ਨ
ਸਮਿੱਅਕ ਚਾਰਿੱਤਰ
ਮਿਥਿਆਤਵ

# ਨਵਕਾਰ ਮੰਤਰ ਦੀ ਵਿਆਖਿਆ

**ਮਹਾਂ ਮੰਤਰ ਨਵਕਾਰ (ਨਮਸਕਾਰ ਮੰਤਰ)**

ਣਮੋ ਅਰਿਹੰਤਾਣੰ
ਣਮੋ ਸਿਧਾਣੰ
ਣਮੋ ਆਯਾਰਿਆਣੰ
ਣਮੋ ਉੱਭਝਾਯਾਣੰ
ਣਮੋ ਲੋਏ ਸੱਬ ਸਾਹੂੱਣੰ

ਏਸੋ ਪੰਚ ਨਮੋਕਕਾਰੋ, ਸੱਬ ਪਾਵ ਪ ਣਾਸਣੋ
ਮੰਗਲਾ ਣੰਚ ਸੱਬ ਸਿੰ, ਪੜੰਮ ਹੱਵਈ ਮੰਗਲੰ

ਅਰਥ :—(1) ਅਰਿਹੰਤ ਦੇਵ ਨੂੰ ਨਮਸਕਾਰ ਹੋਵੇ।
(2) ਸਿੱਧ (ਮੁਕਤ ਆਤਮਾਂਵਾਂ) ਨੂੰ ਨਮਸਕਾਰ ਹੋਵੇ।
(3) ਅਚਾਰਿਆ (ਸੰਘ ਦੇ ਨੇਤਾ) ਨੂੰ ਨਮਸਕਾਰ ਹੋਵੇ।
(4) ਉਪਾਧਿਆਏ (ਸਿਖਿਆ ਦੇਣ ਵਾਲੇ ਅਧਿਆਪਕ) ਨੂੰ ਨਮਸਕਾਰ ਹੋਵੇ।
(5) ਇਸ ਲੋਕ ਵਿਚ ਘੁਮਣ ਵਾਲੇ ਸਾਰੇ ਸਾਧੂਆਂ ਨੂੰ ਨਮਸਕਾਰ ਹੋਵੇ!

ਇਨ੍ਹਾਂ ਪੰਜਾਂ ਨੂੰ ਨਮਸਕਾਰ ਕਰਨ ਨਾਲ ਸਭ ਪ੍ਰਕਾਰ ਦੇ ਪਾਪਾਂ ਦਾ ਨਾਸ਼ ਹੁੰਦਾ ਹੈ। ਸਾਰੇ ਪ੍ਰਮੁੱਖ ਮੰਗਲਾਂ ਵਿਚ ਇਹ ਸਭ ਤੋਂ ਪ੍ਰਮੁਖ ਮੰਗਲ ਹੈ। ਇਸ ਦਾ ਜਾਪ ਕਰਨ ਨਾਲ ਚਾਰੇ ਪਾਸੇ ਮੰਗਲ ਹੋ ਜਾਂਦਾ ਹੈ। ਓਮ ਸ਼ਬਦ ਨਵਕਾਰ ਮੰਤਰ ਦਾ ਸੰਖੇਪ ਰੂਪ ਹੈ। ਇਹ ਮੰਤਰ ਜੈਨ ਧਰਮ ਦਾ ਮੂਲ ਮੰਤਰ ਹੈ ਜਿਸ ਵਿਚ ਆਦਮੀ ਨੂੰ ਨਹੀਂ ਗੁਣਾਂ ਨੂੰ ਨਮਸਕਾਰ ਹੈ।

## ਅਰਿਹੰਤ-ਸਿੱਧ ਸਤੁਤੀ

ਉਪਰੋਕਤ ਸਤੁਤੀ ਪ੍ਰਾਚੀਨ ਜੈਨ ਗ੍ਰੰਥਾਂ ਵਿਚ ਮਿਲਦੀ ਹੈ ਆਖਿਆ ਜਾਂਦਾ ਹੈ ਕਿ ਦੇਵਤਿਆਂ ਦੇ ਰਾਜੇ ਇੰਦਰ ਨੇ ਇਸ ਸਤੁਤੀ ਰਾਹੀਂ ਭਗਵਾਨ ਮਹਾਵੀਰ ਨੂੰ ਪ੍ਰਣਾਮ ਕੀਤਾ ਸੀ। ਇਸ ਸਤੁਤੀ ਵਿਚ ਅਰਿਹਤਾ ਤੇ ਸਿੱਧਾ ਦੇ ਗੁਣਾਂ ਨੂੰ ਖਾਸ ਵਿਸ਼ੇਸ਼ਨਾ ਰਾਹੀਂ ਪ੍ਰਗ-ਟਾਇਆ ਗਿਆ ਹੈ।

"ਅਰਿਹੰਤਾ ਭਗਵਾਨ ਨੂੰ ਨਮਸਕਾਰ ਹੋਵੇ ?"

ਜੋ ਅਰਿਹੰਤ ਭਗਵਾਨ, ਸ਼ਰੁਤ ਧਰਮ ਦੇ ਸ਼ੁਰੂ ਕਰਨ ਵਾਲੇ ਹਨ। (ਸਾਧੂ, ਸਾਧਵੀ

ਸ਼੍ਰਾਵਿਕ, ਸ਼੍ਰਾਵਿਕਾ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲੇ ਹਨ ਜਿਨ੍ਹਾਂ ਨੇ ਆਪ ਬੋਧ ਪ੍ਰਾਪਤ ਕਰ ਲਿਆ ਹੈ" ।

ਜੋ ਗਿਆਨ ਆਦਿ ਗੁਣਾ ਕਾਰਣ ਉੱਤਮ ਹਨ, ਪੁਰਸ਼ੋਤਮ ਹਨ ਸ਼ੇਰ ਦੀ ਤਰ੍ਹਾਂ ਭੈ ਰਹਿਤ (ਅਭੈ) ਹਨ। ਉਤਮ ਸਫੇਦ ਕਮਲ ਦੀ ਤਰ੍ਹਾਂ ਨਿਰਲੇਪ ਹਨ। ਜੋ ਗੰਧ ਹਸਤੀ (ਹਾਥੀ) ਦੀ ਤਰ੍ਹਾਂ ਪ੍ਰਭਾਵਸ਼ਾਲੀ ਹਨ।

ਜੋ ਲੋਕ (ਤਿਨੇ ਲੋਕ) ਵਿਚ ਉਤਮ ਹਨ, ਲੋਕ ਦੇ ਨਾਥ (ਸਵਾਮੀ ਹਨ) ਲੋਕ ਹਿਤੋਂਕਾਰੀ ਹਨ, ਸੰਸਾਰ ਦੇ ਦੀਪ ਹਨ। ਸੰਸਾਰ ਨੂੰ ਪ੍ਰਕਾਸ਼ ਦੇਣ ਵਾਲੇ ਹਨ।

ਜੋ ਅਭੈ (ਨਿਰਭੈ) ਦੇਣ ਵਾਲੇ ਹਨ। ਧਰਮ ਸ਼ਰਧਾ ਰੂਪੀ ਨੇਤਰ, ਦਾਨ ਕਰਨ ਵਾਲੇ ਹਨ, ਭੁਲੇ ਭਟਕੇ ਜੀਵਾ ਨੂੰ ਰਾਹ ਵਿਖਾਉਣ ਵਾਲੇ ਹਨ ਸ਼ਰਨ ਦੇਣ ਵਾਲੇ ਹਨ। ਬੋਧੀ (ਗਿਆਨ) ਰੂਪੀ ਬੀਜ ਦਾ ਲਾਭ ਦਿੰਦੇ ਹਨ।

ਜੋ ਨਾ ਖਤਮ ਹੋਣ ਵਾਲੇ ਕੇਵਲ ਗਿਆਨ ਅਤੇ ਕੇਵਲ ਦਰਸ਼ਨ ਵਾਲੇ ਹਨ। ਜਿਨਾਂ ਵਿਚ ਕੋਈ ਅਣਗਹਿਲੀ ਨਹੀਂ ਮਿਲਦੀ।

ਜੋ ਆਪ ਜਿਨ ਬਣ ਚੁਕੇ ਹਨ, ਅਤੇ ਦੂਸਰਿਆਂ ਨੂੰ ਜਿਨ ਬਨਾਉਣ ਵਾਲੇ ਹਨ। ਜੋ ਸੰਸਾਰ ਰੂਪੀ ਸਮੁੰਦਰ ਪਾਰ ਹੋ ਗਏ ਹਨ ਅਤੇ ਦੂਸਰੇ ਨੂੰ ਪਾਰ ਉਤਾਰਨ ਵਾਲੇ ਹਨ। ਜੋ ਸਵੈ ਬੁੱਧ (ਬਿਨਾ ਪ੍ਰੇਰਣਾ ਤੋਂ ਹੀ ਗਿਆਨੀ) ਹਨ ਦੂਸਰਿਆਂ ਨੂੰ ਬੁਧੀ ਦੇਣ ਵਾਲੇ ਹਨ। ਜੋ ਮੁਕਤ ਹਨ ਅਤੇ ਦੂਸਰਿਆ ਨੂੰ ਮੁਕਤੀ ਦਿਲਾ ਸਕਦੇ ਹਨ।

ਜੋ ਸਰਵੱਗ, ਸਰਵਦਰਸ਼ੀ, ਸ਼ਿਵ (ਕਗਿਆਨਕਾਰੀ), ਸਥਿਰ, ਦੁਖ ਤੋਂ ਰਹਿਤ, ਅਨੰਤ, ਨਾ ਖਤਮ ਹੋਣ ਵਾਲੇ, ਲਾਭ ਹਾਨੀ ਤੋਂ ਰਹਿਤ ਹਨ। ਜੋ ਅਜੇਹੀ ਜਗ੍ਹਾ, ਪਹੁੰਚ ਚੁਕੇ ਹਨ ਜਿਥੋਂ ਫਿਰ ਜਨਮ-ਮਰਨ ਦੇ ਚਕਰ ਵਿਚ ਆਉਣਾ ਨਹੀਂ ਪੈਂਦਾ। ਅਜਿਹੀ ਸਿੱਧ ਗਤੀ ਵਾਲੇ ਸਥਾਨ ਬਾਰੇ ਆਖਣਾ ਅਸੰਭਵ ਹੈ।

## ਦੇਵ (ਅਰਿਹੰਤ ਸਿੱਧ) ਦਾ ਸਵਰੂਪ

ਸੰਸਾਰ ਦੇ ਹਰ ਆਸਤਿਕ ਧਰਮ ਵਿਚ ਕਿਸੇ ਨਾਂ ਕਿਸੇ ਰੂਪ ਵਿਚ ਈਸ਼ਟ ਦੀ ਪੂਜਾ, ਪ੍ਰਸੰਸਾ ਰਾਹੀਂ ਆਤਮ ਕਲਿਆਨ ਦਾ ਰਾਹ ਦਸਿਆ ਗਿਆ ਹੈ। ਹਿੰਦੂ ਧਰਮ ਵਿਚ ਈਸ਼ਵਰ, ਬ੍ਰਹਮਾ, ਸ਼ਿਵ, ਦੁਰਗਾ, ਵਿਸ਼ਨੂੰ, ਰਾਮ ਤੇ ਕ੍ਰਿਸ਼ਨ ਆਦਿ ਅਨੇਕਾਂ ਦੇਵੀ, ਦੇਵਤੇ ਤੇ ਅਵਤਾਰਾਂ ਦਾ ਵਰਨਣ ਮਿਲਦਾ ਹੈ। ਵੇਦਾਂ ਵਿਚ ਕੁਦਰਤੀ ਸ਼ਕਤੀਆਂ ਨੂੰ ਦੇਵੀ ਜਾਂ ਦੇਵਤੇ ਮਨ ਕੇ ਉਨ੍ਹਾਂ ਦੀ ਪੂਜਾ ਕੀਤੀ ਗਈ ਹੈ। ਹਿੰਦੂ ਪੁਰਾਣਾ ਵਿਚ ਤਾਂ ਪਸ਼ੂਆਂ ਅਤੇ ਦਰਖਤਾ ਦੀ ਪੂਜਾ ਦਾ ਵਿਧਾਨ ਵੀ ਮਿਲਦਾ ਹੈ।

ਮੁਸਲਮਾਨ ਲਈ ਅੱਲਾ, ਈਸਾਈ ਲਈ ਗੋਡ, ਬੁੱਧ ਲਈ ਬੁਧਿਸੱਤਵ, ਇਸ਼ਟ ਦੀ ਥਾਂ ਰਖਦਾ ਹੈ ਪਾਰਸੀ ਅਹੁਰਮਜਾਦਾ ਦੀ ਉਪਾਸਨਾ ਕਰਦੇ ਹਨ। ਇਸੇ ਪ੍ਰਕਾਰ ਜੈਨ ਧਰਮ ਦੇ ਈਸ਼ਟ ਨਾਂ ਜਿਨ, ਵੀਤਰਾਗ, ਅਰਹਨ, ਅਰਿਹੰਤ, ਤੀਰਥੰਕਰ ਸਵੈਬੁੱਧ ਪੁਰਸ਼ੋਤਮ

ਕੇਵਲੀ ਹੈ । ਜੈਨ ਧਰਮ ਵਿਚ ਈਸ਼ਵਰ ਦੇ ਦੋ ਭਾਗ ਕੀਤੇ ਗਏ ਹਨ (1) ਸਕਾਰ ਪ੍ਰਮਾਤਮਾ (ਅਰਿਹੰਤ) (2) ਨਿਰਾਕਾਰ ਪ੍ਰਮਾਤਮਾ (ਸ਼ਕਲ ਰਹਿਤ, ਜਨਮ ਮਰਨ ਤੋਂ ਰਹਿਤ ਸ਼ੁਧ ਆਤਮਾ) ਅਵਸਥਾ । ਜੈਨ ਧਰਮ ਵਿਚ ਦੇਵ ਤੋਂ ਭਾਵ ਅਰਿਹੰਤ ਅਤੇ ਸਿੱਧ ਪ੍ਰਮਾਤਮਾ ਹੈ। ਜੈਨ ਧਰਮ ਗੁਣ ਪ੍ਰਧਾਨ ਧਰਮ ਹੈ । ਵਿਅਕਤੀ ਪ੍ਰਧਾਨ ਨਹੀਂ । ਜੈਨ ਧਰਮ ਦੇ ਮੂਲ ਮੰਤਰ ਵਿਚ ਜਿਨ੍ਹਾਂ ਪੰਜ ਮਹਾਨ ਆਤਮਾਵਾਂ ਦਾ ਵਰਨਣ ਕੀਤਾ ਗਿਆ ਹੈ ਉਨ੍ਹਾਂ ਵਿਚੋਂ ਪਹਿਲੇ ਦੋ ਪਦ ਅਰਿਹੰਤ-ਸਿੱਧ ਹਨ ਅਰਿਹੰਤ ਗਿਆਨ ਪੱਖੋਂ ਤੀਰਥੰਕਰ ਦੇ ਬਰਾਬਰ ਹੀ ਹੁੰਦੇ ਹਨ ਤੀਰਥੰਕਰ ਅਤੇ ਅਰਿਹੰਤ ਵਿਚ ਗਿਆਨ ਤੇ ਅਧਿਆਤਮ ਪੱਖੋਂ ਕੋਈ ਫਰਕ ਨਹੀਂ । ਪਰ ਤੀਰਥੰਕਰ ਪਿਛਲੇ ਜਨਮ ਦੀ ਕਮਾਈ ਦੇ ਸਿੱਟੇ ਵਜੋਂ ਤੀਰਥੰਕਰਾਂ ਵਾਲੀਆਂ ਖਾਸ ਵਿਸ਼ੇਸ਼ਤਾਵਾਂ ਜਨਮ ਤੋਂ ਲੈ ਕੇ ਆਂਦੇ ਹਨ ।

ਭਗਵਾਨ ਮਹਾਂਵੀਰ ਨੇ ਗਣਧਰ ਇੰਦਰ ਭੂਤੀ ਗੌਤਮ ਨੂੰ ਅਰਿਹੰਤ ਦੇਵਾਧਿਦੇਵ ਦਾ ਸਵਰੂਪ ਦਸਦੇ ਹੋਏ ਫੁਰਮਾਇਆ 'ਹੇ ਗੌਤਮ ! ਜੋ ਇਹ ਅਰਿਹੰਤ ਭਗਵਾਨ ਹਨ ਉਹ ਅਨੰਤ ਗਿਆਨ, ਅਨੰਤ ਦਰਸ਼ਨ ਦੇ ਧਾਰਕ ਹੁੰਦੇ ਹਨ । ਭੂਤ, ਵਰਤਮਾਨ ਅਤੇ ਭਵਿੱਖ ਨੂੰ ਹੱਥ ਉਪਰ ਪਏ ਕਮਲ ਦੀ ਤਰ੍ਹਾਂ ਵੇਖਦੇ ਹਨ । ਉਹ ਅਰਹਨ, ਜਿਨ (ਰਾਗ ਦਵੇਸ਼ ਜੇਤੂ) ਕੇਵਲੀ (ਸੰਪੂਰਨ ਗਿਆਨ ਦੇ ਧਾਰਕ) ਸਰਵੱਗ, ਸਸ਼ੀਵਦਰਸ਼ੀ ਹੁੰਦੇ ਹਨ ।ਇਸ ਲਈ ਇਨ੍ਹਾਂ ਨੂੰ ਦੇਵਾਧਿਦੇਵ ਆਖਿਆ ਜਾਂਦਾ ਹੈ (ਭਗਵਤੀ ਸੂਤਰ ਸ਼ੁਤਕ 12 ਉਦਸ਼ਕ 9)

ਸਾਧਾਰਣ ਦੇਵਤੇ ਇਨ੍ਹਾਂ ਗੁਣਾਂ ਦੇ ਧਾਰਕ ਨਹੀਂ ਹੁੰਦੇ ।

ਅਰਿਹੰਤ ਤੋਂ ਭਾਵ ਹੈ ਤਿਨੇ ਲੋਕਾਂ ਰਾਹੀਂ ਪੂਜਿਤ ਆਤਮਾ । ਤੀਰਥੰਕਰਾਂ ਦੇ ਚਾਰ ਵਿਸ਼ੇਸ਼ ਅਤਿਸ਼ੈ ਹੁੰਦੇ ਹਨ (1) ਪੂਜਾ ਅਤਿਸ਼ੈ (2) ਗਿਆਨ ਅਤਿਸ਼ੈ (3) ਬਚਨ ਅਤਿਸ਼ੈ (4) ਅਪਾਏ ਪਰਮਤਿਸ਼ੈ । ਇਨ੍ਹਾਂ ਅਤਿਸ਼ੈ ਦੇ ਸਾਰੇ ਭੇਦ 34 ਹੋ ਜਾਂਦੇ ਹਨ ।[1]

## ਤੀਰਥੰਕਰ ਤੇ ਅਰਿਹੰਤ

ਤੀਰਥੰਕਰ ਤੇ ਅਰਿਹੰਤ ਗਿਆਨ ਪੱਖੋਂ ਤੇ ਮੁਕੱਤ ਦਸ਼ਾ (ਸਿੱਧ) ਇਕ ਤਰ੍ਹਾਂ ਦੀ ਸ਼ਕਤੀ ਰਖਦੇ ਹਨ । ਪਰ ਤੀਰਥੰਕਰ ਅਰਿਹੰਤ ਇਸ ਲਈ ਬੜੇ ਮੰਨੇ ਜਾਂਦੇ ਹਨ ਕਿਉਂਕਿ ਉਹ ਧਰਮ ਰੂਪੀ ਸਾਧੂ, ਸਾਧਵੀ, ਸ਼੍ਰਾਵਕ ਤੇ ਸ਼੍ਰਾਵਿਕਾ ਤੀਰਥ ਦੀ ਸਥਾਪਨਾ ਕਰਕੇ, ਆਪ ਤਰਦੇ ਹਨ, ਹੋਰਾਂ ਨੂੰ ਤਾਰਦੇ ਹਨ । ਤੀਰਥੰਕਰ ਖੱਤਰੀ ਕੁਲ ਵਿਚ ਹੀ ਜਨਮ ਦੇ ਹਨ ਜਦ ਕਿ ਸਾਧਾਰਨ ਅਰਿਹੰਤ ਕਿਸੇ ਵੀ ਕੁਲ ਨਾਲ ਸਬੰਧਿਤ ਹੋ ਸਕਦੇ ਹਨ ਤੀਰਥੰਕਰਾਂ ਦੀ ਭਰਤ ਖੰਡ ਵਿਚ 24 ਦੀ ਗਿਣਤੀ ਨਿਸ਼ਚਿਤ ਹੈ ਸਧਾਰਨ ਅਰਿਹੰਤ,ਤੀਰਥੰਕਰ ਦੇ ਮਾਰਗ ਦਰਸ਼ਨ ਰਾਹੀਂ ਹੀ ਅਰਿਹੰਤ ਬਣਦੇ ਹਨ। ਸੋ ਤੀਰਥੰਕਰ ਸਧਾਰਨ ਅਰਿਹੰਤ ਦੇ ਗੁਰੂ ਹਨ । ਤੀਰਥੰਕਰ ਅਰਿਹੰਤ ਪਿਛਲੇ ਜਨਮ ਵਿਚ 20 ਤੀਰਥੰਕਰ ਯੋਗ ਭਗਤੀ

1. ਸਮਵਾਂਯਗੇ ਸੂਤਰ ਸਥਾਨ 34 ।

ਸਾਧਨਾਂ ਨਾਲ ਮਾਤਾ ਦੇ ਗਰਭ ਵਿਚ ਆਉਂਦੇ ਹਨ। ਤੀਰਥੰਕਰ ਦੀ ਮਾਤਾ ਜਨਮ ਤੋਂ ਪਹਿਲਾਂ 14 ਸੁਪਨੇ ਵੇਖਦੀ ਹੈ। ਤੀਰਥੰਕਰ ਮਾਤ ਗਰਭ ਵਿਚ ਮਤੀ, ਸ਼ਰੁਤੀ ਤੇ ਮਨ ਪ੍ਰਯਅਵ ਗਿਆਨ ਦੇ ਧਾਰਕ ਹੁੰਦੇ ਹਨ। ਹਰ ਤੀਰਥੰਕਰ ਦੇ ਪੰਜ ਕਲਿਆਣਕ (ਕਲਿਆਣਕਾਰੀ ਸ਼ੁਭ ਅਵਸਰ) ਹੁੰਦੇ ਹਨ। (1) ਚਯਵਨ (ਗਰਭ ਵਿਚ ਆਉਣ ਦਾ ਕਲਿਆਨਕ) (2) ਜਨਮ ਕਲਿਆਣਕ (3) ਦੀਖਿਆ ਕਲਿਆਣਕ (4) ਕੇਵਲ ਗਿਆਨ ਕਲਿਆਣਕ (5) ਨਿਰਵਾਨ ਕਲਿਆਣਕ।

ਤੀਰਥੰਕਰ ਆਤਮਾਵਾਂ ਦੇ ਇਨ੍ਹਾਂ ਪੰਜਾ ਮੌਕਿਆ ਤੇ, ਸੰਸਾਰ ਤੋਂ ਛੁੱਟ ਸਵਰਗ ਦੇ ਦੇਵੀ ਦੇਵਤਾ ਧਰਤੀ ਤੇ ਉਤਰਦੇ ਹਨ। ਮਨੁੱਖ ਨਾਲ ਉਹ ਵੀ ਇਨ੍ਹਾਂ ਅਵਸਰ ਤੇ ਖੁਸ਼ੀਆਂ ਮਨਾਉਂਦੇ ਹਨ। ਇਹ ਦੇਵਤਾਵਾਂ ਦੀ ਪ੍ਰੰਪਰਾ ਹੈ। ਤੀਰਥੰਕਰ ਸਾਧੂ ਬਨਣ ਤੋਂ ਪਹਿਲਾ ਇਕ ਸਾਲ ਬਰਸੀ ਦਾਨ ਕਰਦੇ ਹਨ। ਸਵਰਗ ਦੇ ਸਾਮਾਨਿਕ ਦੇਵਤਾ ਉਨ੍ਹਾਂ ਨੂੰ ਸਾਧੂ ਬਨਣ ਦੀ ਬੇਨਤੀ ਕਰਦੇ ਹਨ। ਜੈਨ ਧਰਮ ਵਿਚ ਸਵਰਗ ਵਿਚ 64 ਇੰਦਰ ਮੰਨੇ ਜਾਂਦੇ ਹਨ। ਜੋ ਤੀਰਥੰਕਰਾਂ ਦੀ ਹਰ ਸਮੇਂ ਆਪਣੇ ਦੇਵੀ ਦੇਵਤਾ ਰੁਪੀ ਪ੍ਰਜਾ ਨਾਲ ਭਗਤੀ ਕਰਦੇ ਹਨ। ਦੀਖੀਆ ਸਮੇਂ ਤੀਰਥੰਕਰ ਨੂੰ ਚੋਥਾ ਅਵਧੀ ਗਿਆਨ ਪ੍ਰਾਪਤ ਹੋ ਜਾਂਦਾ ਹੈ। ਪਹਿਲੇ ਚਾਰ ਗਿਆਨ ਇੰਦਰੀਆਂ ਨਾਲ ਸਬੰਧਿਤ ਹਨ। ਪੰਜਵਾਂ ਕੇਵਲ ਗਿਆਨ ਪ੍ਰਾਪਤ ਹੁੰਦੇ ਹੀ ਤੀਰਥੰਕਰ ਅਰਿਹੰਤ ਅਖਵਾਉਂਦੇ ਹਨ ਜਿਸ ਦਾ ਭਾਵ ਹੈ ਆਤਮਾ ਦੇ ਦੁਸ਼ਮਨਾਂ ਦਾ ਜੇਤੂ।

ਤੀਰਥੰਕਰ ਪਹਿਲੇ ਉਪਦੇਸ਼ ਵਿਚ ਹੀ ਧਰਮ ਰੂਪੀ ਚਹੁਮੁਖੀ ਤੀਰਥ ਦੀ ਸਥਾਪਨਾ ਕਰਦੇ ਹਨ। ਦੇਵਤੇ ਤੀਰਥੰਕਰਾਂ ਦੀ ਬੈਠਨ ਵਾਲੀ ਸਮੋਸਰਨ ਜਗ੍ਹਾ ਨੂੰ ਆਪਣੀ ਮਾਇਆ ਨਾਲ ਤਿਆਰ ਕਰਦੇ ਹਨ। ਤੀਰਥੰਕਰ ਦੀ ਸਭਾ ਵਿਚ ਹਰ ਸਮੇਂ ਦੇਵਤੇ ਬੈਠੇ ਰਹਿੰਦੇ ਹਨ।

ਕੇਵਲ ਗਿਆਨ ਉਤਪਨ ਹੁੰਦੇ ਹੀ ਮੋਕਸ਼ ਨਿਸ਼ਚਿਤ ਹੋ ਜਾਂਦਾ ਹੈ ਆਤਮਾ ਜਨਮ ਮਰਨ ਦਾ ਚੱਕਰ ਕਟਕੇ ਪ੍ਰਮਾਤਮਾ ਬਣ ਜਾਂਦਾ ਹੈ ਕਰਮਾਂ ਦੀ ਜੰਜੀਰ ਖਤਮ ਹੋ ਜਾਂਦੀ ਹੈ, ਜੋ ਕਿ ਜਨਮ ਮਰਨ ਰੂਪੀ ਦੁਖਦਾ ਕਾਰਣ ਹੈ। ਨਿਰਵਾਨ ਤੋਂ ਬਾਅਦ ਤੀਰਥੰਕਰ ਅਰਿਹੰਤ ਅਤੇ ਸਾਧਾਰਣ ਅਰਿਹੰਤ ਦੀ ਸਥਿਤੀ ਇਕੋ ਹੈ।

## ਤੀਰਥੰਕਰ ਤੇ ਸਿੱਧਾਂ ਦੇ ਵਿਸ਼ੇਸਨ

(1) ਅਰਿਹੰਤ (2) ਭਗਵਾਨ (3) ਆਦਿਕਰ (4) ਤੀਰਥੰਕਰ (5) ਸਵੈ ਸੰਬੁਧ (6) ਪੁਰਸ਼ੋਤਮ (7) ਪੁਰਸ਼ਸਿੰਹ (8) ਪੁਰਸ਼ ਪੁਡਰਿਕ (ਪੁਰਸ਼ਾਂ ਵਿਚ ਕਮਲ) (9) ਪੁਰਸ਼ ਵਰਗੰਧ ਹਸਤੀ (10) ਲੋਕੰਤਮ (11) ਲੋਕ ਨਾਥ (12) ਲੋਕ ਹਿਤਕਰ (13) ਲੋਕ ਪ੍ਰਦਤੋਕਰ (ਲੋਕ ਪ੍ਰਕਾਸ਼ਕ) (14) ਅਭੈਦਾਤਾ (ਭੇ ਮੁਕਤ ਕਰਨ ਵਾਲਾ) (15) ਚਕਸ਼ੂ ਦਾਤਾ (ਗਿਆਨ ਰੂਪੀ ਅੱਖ ਦੇਣ ਵਾਲੇ) (16) ਮਾਰਗਦਾਤਾ (ਪੱਥ ਪ੍ਰਦਸ਼ਕ) (17)

ਸ਼ਰਨਦਾਤਾ (18) ਜੀਵਨ ਦਾਤਾ (19) ਬੋਧੀ (ਗਿਆਨ) ਦਾਤਾ (20) ਧਰਮ ਦਾਤਾ (21) ਧਰਮ ਦੇਸ਼ਕ (ਉਪਦੇਸ਼ਕ) (22) ਧਰਮ ਨਾਇਕ (23) ਧਰਮ ਸਾਰਥੀ (24) ਧਰਮ ਵਰ ਚਾਤੁਰ ਅੰਤ ਚੱਕਰਵਰਤੀ (ਚਾਰ ਪ੍ਰਕਾਰ ਦੇ ਤੀਰਥ ਨੂੰ ਧਰਮ ਰੂਪੀ ਰਥ ਤੇ ਬਿਠਾ ਕੇ ਚਾਰ ਗਤੀਆ ਦਾ ਅੰਤ ਕਰਨ ਵਾਲਾ ਧਰਮ ਚਕਰਵਰਤੀ (25) ਅਪ੍ਰਤਿਹਰ ਗਿਆਨ ਦਰਸ਼ਨਧਰ (ਰੁਕਾਵਟ ਰਹਿਤ ਸਮਿਅਕ ਗਿਆਣ, ਦਰਸ਼ਨ) (26) ਵਿਵਰਤ ਛੱਦਮ (ਆਤਦੇ ਛੇਕਾ ਨੂੰ ਭਰਨ ਵਾਲਾ) (27) ਜਿਨ (ਰਾਗ ਦਵੇਸ਼ ਤੋਂ ਰਹਿਤ) (28) ਗਾਯਕ (ਦੂਸਰੇ ਤੇ ਜਿੱਤ ਦੀ ਵਿਧੀ ਦਸਣ ਵਾਲਾ (29) ਤੀਰਣ (30) ਤਾਰਨ (31) ਬੁੱਧ (32) ਬੋਧਕ (33) ਮੁਕਤ (34) ਮੋਚਕ (34) ਸਰਵਗ ਸਰਵਦਰਸੀ। ਇਸ ਤੋਂ ਛੁਟ ਤੀਰਥੰਕਰ ਲਈ ਹੋਰ ਹਜ਼ਾਰਾਂ ਵਿਸ਼ੇਸ਼ਨ ਜੈਨ ਅਚਾਰਿਆ ਨੇ ਵਰਤੇ ਹਨ।

## ਅਸ਼ਟ ਪ੍ਰਤਿਹਾਰਏ

ਪੂਜੱਤਾ ਪ੍ਰਗਟ ਕਰਨ ਵਾਲੀ ਸਾਮਗਰੀ ਜੋ ਹਰ ਸਮੇਂ ਨਾਲ ਰਹੇ। ਉਸ ਨੂੰ ਪ੍ਰਤਿਹਾਰੇ (ਪਹਿਰੇਦਾਰ) ਬੋਲਦੇ ਹਨ। ਇਹ ਅੱਠ ਪ੍ਰਤਿਹਾਰੇ ਤੀਰਥੰਕਰ ਅਰਿਹੰਤ ਨੂੰ ਕੇਵਲ ਗਿਆਨ ਬਾਅਦ ਤੋਂ ਬਾਅਦ ਪ੍ਰਾਪਤ ਹੁੰਦੇ ਹਨ।

(1) ਅਸ਼ੋਕ ਬ੍ਰਿਖ (2) ਸੁਰ ਪੁਸ਼ਪ ਵਰਿਸ਼ਟੀ (ਦੇਵਤਿਆ ਰਾਹੀਂ ਫੁੱਲਾਂ ਦੀ ਵਰਖਾ) (3) ਦਿਵਯਧੱਵਨੀ (ਤੀਰਥੰਕਰ ਦੇ ਸਮੇਂ ਸ਼ਰਨ ਵਿਚ ਬੈਠ ਦੇਵੀ, ਦੇਵਤੇ, ਮਨੁਖ, ਇਸਤਰੀ ਪਸ਼ੂ ਇਸ ਦੇ ਪ੍ਰਭਾਵ ਨਾਲ ਤੀਰਥੰਕਰ ਦੀ ਬਾਣੀ ਅਪਣੀ 2 ਭਾਸ਼ਾ ਵਿਚ ਸਮਝਦੇ ਹਨ।) (4) ਚਾਮਰ (ਚੌਰ) (5) ਸਿੰਘਾਸਨ (6) ਭਾਮ ਮੰਡਲ (ਤੀਰਥੰਕਰ ਦੇ ਪੀਛੇ ਪ੍ਰਕਾਸ਼ਮਾਨ ਤੇਜ ਮੰਡਲ ਹੁੰਦਾ ਹੈ ਜੋ ਦਸ ਦਿਸ਼ਾਵਾਂ ਨੂੰ ਪ੍ਰਕਾਸ਼ਿਤ ਕਰਦਾ ਹੈ। (7) ਦੇਵ ਦੁੰਧਭੀ (ਦੇਵਤੇ ਰਾਹੀਂ ਸਾਜ ਬਜਾਉਣਾ) (8) ਤਿੰਨ ਛੱਤਰ (ਤਿੰਨ ਛੱਤਰ ਤੀਰਥੰਕਰਾਂ ਦੇ ਸਿਰਦੇ ਝੁਲਦੇ ਹਨ)

ਸਧਾਰਣ ਅਰਿਹੰਤ ਨੂੰ ਅਸੀਂ ਇਨ੍ਹਾਂ ਬਾਹਰਲੀਆ ਵਸਤਾਂ ਕਾਰਣ ਵੀ ਤੀਰਥੰਕਰ ਨਹੀਂ ਆਖ ਸਕਦੇ।

ਤੀਰਥੰਕਰ ਭਗਵਾਨ ਦੇ 12 ਪ੍ਰਮੁਖ ਗੁਣ ਇਸ ਪ੍ਰਕਾਰ ਹਨ।

(1) ਅਨੰਤ ਗਿਆਨ (2) ਅਨੰਤ ਦਰਸ਼ਨ (3) ਅਨੰਤ ਚਾਰਿਤਰ (4) ਅਨੰਤਤੱਪ (5) ਅਨੰਤ ਬਲ ਵੀਰਜ (ਆਤਮਿਕ ਸ਼ਕਤੀ) (6) ਅਨੰਤ ਸ਼ਾਯਿਕ ਸਮਿਕਤਵ (ਨਾਂ ਖਤਮ ਹੋਣ ਵਾਲਾ ਸਮਿਅਕਤਵ) (7) ਵੱਜਰ ਰਿਸ਼ਵ ਨਾਰਾਚ ਸੰਹਨੰਨ (8) ਸਮਚਤੁਰ ਸੰਸਥਾਨ (9) ਚੋਤੀਸ ਅਤਿਸ਼ੈ (10) 35 ਬਾਣੀ ਦੇ ਗੁਣ (11) ਇਕ ਹਜ਼ਾਰ ਅੱਠ ਲੱਛਣ (14) 64 ਇੰਦਰਾਂ ਰਾਹੀਂ ਪੁਜਿਤ।

## 18 ਦੋਸ਼ਾਂ ਤੋਂ ਮੁਕਤ ਅਰਿਹੰਤ

ਅਰਿਹੰਤ ਤੀਰਥੰਕਰ 18 ਦੋਸ਼ਾਂ ਤੋਂ ਰਹਿਤ ਹੁੰਦੇ ਹਨ।

(1) ਮਿਥਿਆਤਵ (2) ਅਗਿਆਨ (3) ਮਦ (ਹੰਕਾਰ) (4) ਕਰੋਧ (5) ਮਾਇਆ (6) ਲੋਭ (7) ਰਤਿ ਵਸਤੂ (8) ਅਰਤਿ (ਨਾਇੱਛ ਦਾ ਦੁਖ) (9) ਨੀਂਦ (10) ਸ਼ੋਕ (11) ਅਲੀਕ ਪ੍ਰਾਪਤ ਪ੍ਰਤਿ ਖੁਸ਼ੀ ਮਾੜੀ ਪ੍ਰਾਪਤ ਪ੍ਰਤਿ ਦੁਖ (12) ਚੋਰੀ (13) ਮਤਸਰਤਾ (14) ਭੈ (15) ਹਿੰਸਾ (16) ਸੰਸਾਰਿਕ ਵਸਤਾ ਪ੍ਰਤਿ ਪ੍ਰੇਮ (17) ਕ੍ਰੀੜਾ (ਖੇਲ) (18) ਹਾਸਾ ਮਜ਼ਾਕ ।

**ਤੀਰਥੰਕਰ ਸੰਭਧੀ ਵੀਹ ਸਥਾਨਕ (ਗੁਣ)**

ਹਰ ਆਦਮੀ ਤੀਰਥੰਕਰ ਨਹੀਂ ਬਣ ਸਕਦਾ, ਜੋ ਪਿਛਲੇ ਜਨਮ ਵਿਚ ਇਨ੍ਹਾਂ 20 ਬੋਲਾ ਦੀ ਸਮਿਅਕ ਅਰਾਧਨਾ ਭਗਤੀ ਕਰਦਾ ਹੈ ਉਹ ਹੀ ਤੀਰਥੰਕਰ ਪਦ ਦੀ ਪ੍ਰਾਪਤੀ ਕਰਦਾ ਹੈ ।

(1) ਅਰਿਹੰਤ ਭਗਤੀ (2) ਸਿਧ ਭਗਤੀ (3) ਪ੍ਰਵਚਨ ਭਗਤੀ (4) ਗੁਰੂ ਭਗਤੀ (5) ਸਥਵਿਰ (ਬੁੱਡੇ ਸਾਧੂ ਤੇ ਬਜੁਰਗਾਂ ਦੀ ਸੇਵਾ) ਭਗਤੀ (6) ਬਹੁਸ਼ਰੁਤ ਭਗਤੀ (7) ਤੱਪਸਵੀ ਭਗਤੀ (8) ਅਭਿਕਸ਼ਨ ਗਿਆਨ ਉਪਯੋਗ (ਤੱਤਵ ਗਿਆਨ ਨੂੰ ਦੁਹਾਰਨਾ) (9) ਦਰਸ਼ਨ ਸ਼ੁਧੀ (ਸਮਿਅਕ ਦਰਸ਼ਨ ਦਾ ਪਾਲਨ ਕਰਕੇ ਮਿਥਿਆਤਵ ਨੂੰ ਛੱਡ ਕੇ ਅਰਿਹੰਤਾਂ ਦੇ ਉਪਦੇਸ਼ਾਂ ਤੇ ਚਲਨਾਂ । (10) ਵਿਨੈ ਸਪੰਨਤਾ (11) ਆਵਸ਼ਕ ਕ੍ਰਿਆ (12) ਸ਼ੀਲ ਵਰਤ ਦਾ ਪਾਲਨ (13) ਕਸ਼ਣ ਲਵ (ਸੰਸਾਰ ਦੇ ਜਨਮ ਮਰਨ ਦਾ ਕਾਰਣ ਪ੍ਰਤਿ ਹਰ ਸਮੇਂ ਤਿਆਗਨ ਨੂੰ ਤਿਆਰ ਰਹਿਨਾ) (14) ਯਥਾਸ਼ਕਤੀ ਤਪ ਕਰਨਾ (15) ਯਥਾ ਸ਼ਕਤੀ ਤਿਆਗ (16) ਵੈਯਾ ਵਤਯਕਰਨ (ਧਰਮੀ ਪੁਰਸ਼ ਦੀ ਸ਼ਰੀਰਕ ਸੇਵਾ) (17)

---

(1) ਭੈ ਸਤ ਪ੍ਰਕਾਰ ਦਾ ਹੈ : (1) ਇਹ ਲੋਕ ਭੈ (2) ਪਰਲੋਕ ਭੈ (3) ਆਦਾਨ ਭੈਅ (4) ਅਕਸਮਾਤ (ਅਚਾਨਕ) ਭੈ (5) ਅਜਿਵਿਕਾ (ਗੁਜਾਰਾ) ਭੈ (6) ਅਪਯਸ਼ (ਬੇਇਜਤੀ) ਦਾ ਭੈ ।

6. **ਆਵਸ਼ਕ**

(1) ਸਾਮਾਇਕ : (2) ਚਤੁਰ ਵਿਸ਼ਤਿਸ਼ਤਤ (24 ਤੀਰਥੰਕਰਾਂ ਦੀ ਪੁਜਾ ਭਗਤੀ) (3) ਬੰਦਨਾ (4) ਪ੍ਰਤਿਕ੍ਰਮਨ (ਦੋਸ਼ਾਂ ਨੂੰ ਸਿਲਸਲੇ ਵਾਰ ਚਿੰਤਨ ਕਰਕੇ ਖਿਮਾ ਮੰਗਨਾ) । (5) ਕਾਯੋਤਸਰਗ (ਸ਼ਰੀਰ ਦੀ ਮਮਤਾ ਤਿਆਗ ਕੇ ਸਮਾਨੀ ਜਾ ਧਿਆਨ ਲਾਉਣਾ) (6) ਪਛਖਾਣ (ਸ਼ਕਤੀ ਅਨੁਸਾਰ ਖਾਣ, ਪੀਣ, ਪਹਿਨਣ ਵਾਲੀਆਂ ਵਸਤਾਂ ਤੇ ਦਾ ਤਿਆਗ)

(3) ਸ਼ੀਲਵਰਤ ਤੋਂ ਭਾਵ ਉਪਾਸਕ (ਸਾਵਕ) ਦੇ 12 ਵਰਤ ਹੈ : (1) ਅਚਾਰਿਆ ਉਪਾਧਿਆ, ਤਪਸਵੀ, ਨਵਾਂ ਸਾਧੂ ਬੀਮਾਰ 20 ਸਾਲ ਪੁਰਾਣਾ ਸਥਵਿਰ ਸਾਧੂ ਗਣ, ਕੁਲ, ਸੰਘ, ਸਹ ਧਰਮੀ ਦੀ ਹਰ ਪ੍ਰਕਾਰ ਦੀ ਸੇਵਾ ਹੀ ਵੈਯਾਵਰਿਤ ਧਰਮ ਹੈ ।

ਸਮਾਧੀ (18) ਅਪੂਰਵ ਗਿਆਨ (ਨਵਾਂ ਗਿਆਨ ਸਿਖਨ ਲਈ ਤਿਆਰ ਰਹਿਨਾ) (19) ਸ਼ਰੁਤ ਭਗਤੀ (20) ਪ੍ਰਭਾਵਨਾ (ਜੈਨ ਧਰਮ ਦਾ ਪ੍ਰਚਾਰ ਹਰ ਸਮੇਂ ਹਰ ਸਾਧਨ ਨਾਲ ਕਰਨਾ)। ਇਨ੍ਹਾਂ 20 ਬੋਲਾਂ ਦੀ ਆਰਾਧਨਾਂ ਤੀਰਥੰਕਰ ਨਾਮ ਕਰਮ ਗੋਤਰ ਦਾ ਕਾਰਣ ਹੈ। ਭਾਵ ਹਰ ਤੀਰਥੰਕਰ ਪਿਛਲੇ ਜਨਮ ਵਿਚ ਕਿਸੇ ਨਾ ਕਿਸੇ ਤੀਰਥੰਕਰ ਦੀ ਅਰਾਧਨਾ ਕਰਦਾ ਹੈ।

ਅਰਿਹੰਤ ਭਗਵਾਨ 8 ਕਰਮਾਂ ਵਿਚੋਂ 4 ਕਰਮ ਕੇਵਲ ਗਿਆਨ ਸਮੇਂ ਖਤਮ ਕਰ ਦਿੰਦੇ ਹਨ ਉਨ੍ਹਾਂ ਨੂੰ ਘਾਤੀ ਕਰਮ ਕਿਹਾ ਗਿਆ ਹੈ ਉਹ ਇਸ ਪ੍ਰਕਾਰ ਹਨ (1) ਗਿਆਨ ਵਰਨੀਆਂ (2) ਦਰਸ਼ਾਵਰਨੀਆ (3) ਮੋਹਨੀਆਂ (4) ਅੰਤ ਰਾਏ (ਰੁਕਾਵਟ ਦਾ ਕਾਰਣ ਕਰਮ)।

4 ਕਰਮਾਂ ਦਾ ਭੋਗ ਉਹ ਨਿਰਵਾਨ ਅਵਸਥਾ ਤੱਕ ਭੋਗਦੇ ਹਨ। ਅਰਿਹੰਤ ਅਵਸਥਾ 4 ਅਘਾਤੀ ਕਰਮਾਂ ਦਾ ਬੰਧ ਹੈ ਉਹ ਤੀਰਥੰਕਰ ਨੂੰ ਭੋਗਨਾ ਪੈਂਦਾ ਹੈ ਉਹ ਕਰਮ ਹਨ (1) ਵੈਦਨੀਆਂ (2) ਆਯੁਸ਼ (3) ਨਾਮ (4) ਗੋਤਰ

## ਤੀਰਥੰਕਰਾਂ ਦੀ ਮਾਤਾ ਦੇ 14 ਸੁਪਨੇ

ਜਿਵੇਂ ਪਹਿਲਾ ਦਸਿਆ ਜਾ ਚੁਕਿਆ ਹੈ ਕਿ ਤੀਰਥੰਕਰ ਅਰਿਹੰਤਾ ਦੀ ਮਾਤਾ ਹੀ 14 ਸੁਪਨੇ ਵੇਖਦੀ ਹੈ ਆਮ ਅਰਿਹੰਤ ਦੀ ਨਹੀਂ।

ਤੀਰਥੰਕਰ 15 ਕਰਮ ਭੁਮੀਆਂ ਵਿਚ ਕਿਸੇ ਵੀ ਭੂਮੀ ਵਿਚ ਪੈਦਾ ਹੁੰਦਾ ਇਹ ਸੁਪਨੇ ਹਨ।

(1) ਹਾਥੀ (2) ਬੱਲਦ (3) ਸੇਰ (4) ਲੱਛਮੀ (5) ਪੁਸ਼ਪ ਮਾਲਾ ਦਾ ਜੋੜਾ (6) ਚੰਦਰਮਾ (7) ਸੂਰਜ (8) ਇੰਦਰ ਧੱਵਜਾ (9) ਪੂਰਨਕਲਸ਼ (10) ਪਦਮ (ਕਮਲਾ ਸਰੋਵਰ) (11) ਖੀਰ ਸਾਗਰ (12) ਦੇਵ ਵਿਮਾਨ (13) ਰਤਨਾ ਦਾ ਢੇਰ (14) ਧੂਏ ਰਹਿਤ ਅੱਗ।

ਤੀਰਥੰਕਰ ਪ੍ਰਪੰਰਾ ਅਨਾਦਿ, ਅਨੰਤ ਤੇ ਸ਼ਾਸਵਤ ਹੈ। ਪਹਿਲੇ ਅਧਿਐਨ ਵਿਚ ਦਸੇ 20 ਵਿਹਰਮਾਨ ਤੀਰਥੰਕਰਾਂ ਦਾ ਜਨਮ 17ਵੇਂ ਤੀਰਥੰਕਰ ਕੁਥੂੰ ਨਾਥ ਨਿਰਵਾਨ ਸਮੇਂ ਮਹਾਵਿਦੇਹ ਖੇਤਰ ਵਿਚ ਹੋਇਆ ਸੀ। 20ਵੇਂ ਤੀਰਥੰਕਰ ਮੁਨੀ ਸੁਵਰਤ ਦੇ ਨਿਰਵਾਨ ਸਮੇਂ ਸਾਰੇ ਸਾਧੂ ਬਣੇ। ਇਹੋ 20 ਇਕੋ ਸਮੇਂ ਕੇਵਲ ਗਿਆਨੀ ਹੋਏ। ਇਨ੍ਹਾਂ 20 ਮਹਾਂ ਵਿਦੇਹ ਖੇਤਰ ਵਿਚ ਘੁਮਨ ਵਾਲੇ ਤੀਰਥੰਕਰਾਂ ਦਾ ਨਿਰਵਾਨ ਭਰਤ ਖੇਤਰ ਵਿਚ ਭਵਿੱਖ ਵਿਚ ਹੋਣ ਵਾਲੇ 24 ਤੀਰਥੰਕਰਾਂ ਵਿਚ ਸਤਵੇਂ ਤੀਰਥੰਕਰ ਉਦੇਨਾਥ ਸਮੇਂ ਹੋਵੇਗਾ। ਜਦ ਇਹ ਤੀਰਥੰਕਰ ਮੋਕਸ਼ ਪਧਾਰਨਗੇ ਤਾਂ ਉਸੇ ਸਮੇਂ ਮਹਾਂਵਿਦੇਹ ਦੀ ਦੂਸਰੀ ਵਿਜ਼ੇ (ਭਾਗ) ਵਿਚ ਪੈਦਾ ਤੀਰਥੰਕਰ ਕੇਵਲ ਗਿਆਨ ਪ੍ਰਾਪਤ ਕਰਕੇ ਤੀਰਥੰਕਰ ਬਣ ਜਾਣਗੇ। ਜੈਨ ਪ੍ਰੰਪਰਾ ਅਨੁਸਾਰ ਘਟੋਂ ਘਟ 20 ਅਤੇ ਜਿਆਦਾ ਤੋਂ 170 ਤੀਰਥੰਕਰ। 15 ਕਰਮ

ਭੂਮੀਆਂ ਵਿਚ ਪੈਦਾ ਹੋ ਸਕਦੇ ਹਨ। ਮਹਾਂਵਿਦੇਹ ਖੇਤਰ ਕਦੇ ਵੀ ਤੀਰਥੰਕਰ ਤੋਂ ਵਾਂਝੇ ਨਹੀਂ ਰਹਿੰਦੇ । ਇਕੋ ਸਮੇਂ ਇਕ ਸ਼ਹਿਰ ਵਿਚ ਦੋ ਤੀਰਥੰਕਰ ਨਹੀਂ ਵਿਚਰਦੇ । ਮਹਾਂਵਿਦੇਹ ਖੇਤਰ ਆਮ ਮਨੁੱਖ ਤੇ ਵਿਗਿਆਨ ਦੀ ਪਹੁੰਚ ਤੋਂ ਪਰੇ ਹੈ । ਸੋ ਇਨ੍ਹਾਂ ਗੱਲਾਂ ਦਾ ਭਾਵ ਹੈ ਕਿ ਜੈਨ ਧਰਮ ਉਸ ਦੀ ਤੀਰਥੰਕਰ ਪ੍ਰੰਪਰਾ ਤੇ ਸਿਧਾਂਤ ਅਨੰਦ ਕਾਲ ਤੋਂ ਹਨ ਇਸ ਤਰਾਂ ਕਰਮਭੂਮੀ ਖੇਤਰਾਂ ਵਿਚ ਅਨੰਤ ਤੀਰਥੰਕਰ ਹੋਏ ਹਨ 20 ਵਰਤਮਾਨ ਵਿਚ ਘੁਮ ਰਹੇ ਹਨ ਅਤੇ ਤੀਰਥੰਕਰ ਭਵਿੱਖ ਵਿਚ ਹੋਣਗੇ । ਭਰਤ ਖੰਡ ਵਿਚ 24 ਤੀਰਥੰਕਰ ਅਵਸ-ਪਰਨੀ ਕਾਲ ਦੇ 3-4 ਆਰੇ (ਭਾਗ) ਵਿਚ ਹੁੰਦੇ ਹਨ ।

## ਤੀਰਥੰਕਰ ਦੇ 34 ਅਤਿਸ਼ੇ (ਖਾਸ ਵਿਸ਼ੇਸ਼ਤਾਵਾਂ)

1. ਸਰੀਰ ਦੇ ਬਾਲ ਨਹੀਂ ਵਧਦੇ ਅਤੇ ਜਿੰਨੇ ਵਧਦੇ ਵੀ ਹਨ ਉਹ ਸੋਹਣੇ ਲਗਦੇ ਹਨ ।
2. ਸ਼ਰੀਰ ਤੇ ਮਿੱਟੀ, ਮੈਲ ਨਹੀਂ ਜੰਮਦੀ ।
3. ਖੂਨ ਅਤੇ ਮਾਸ ਗਊ ਦਾ ਦੁਧ ਵਾਂਗ ਸਫੇਦ ਤੇ ਮਿੱਠਾ ਹੁੰਦਾ ਹੈ ।
4. ਸਾਹਾਂ ਵਿਚ ਖੁਸ਼ਬੂ ਹੁੰਦੀ ਹੈ ।
5. ਆਮ ਮਨੁਖ ਉਨ੍ਹਾਂ ਨੂੰ ਭੋਜਨ ਕਰਦੇ ਨਹੀਂ ਵੇਖ ਸਕਦਾ । ਪਰ ਅਵਧੀ ਗਿਆਨੀ ਵੇਖ ਸਕਦਾ ਹੈ । ਦਿਗਵੰਰ ਫਿਰਕੇ ਵਾਲੇ ਅਰਿਹੰਤ ਅਵਸਥਾ ਵਿਚ ਭੋਜਨ ਨਹੀਂ ਮੰਨਦੇ ।
6. ਤੀਰਥੰਕਰ ਅਤੇ ਅਰਿਹੰਤ ਜਦ ਚਲਦੇ ਹਨ ਉਨ੍ਹਾਂ ਅੱਗੇ ਇਕ ਧਰਮ ਚੱਕਰ ਚਲਦਾ ਹੈ ਜਿਥੇ ਭਗਵਾਨ ਠਹਿਰਦੇ ਹਨ ਧਰਮ ਚੱਕਰ ਵੀ ਠਹਿਰ ਜਾਂਦਾ ਹੈ ।
7. ਤੀਰਥੰਕਰ ਦੇ ਸਿਰ ਤੇ ਤਿੰਨ ਛਤਰ ਆਕਾਸ਼ ਤੋਂ ਹੀ ਵਿਖਾਈ ਦਿੰਦੇ ਹਨ । ਸਾਰੇ ਛੱਤਰ ਮੋਤੀਆਂ ਦੀ ਝਾਲਰ ਵਾਲੇ ਹੁੰਦੇ ਹਨ ।
8. ਗਊ ਦੇ ਦੁਧ ਦੀ ਤਰਾਂ ਅਤੇ ਕਮਲ ਦੇ ਫੁੱਲਾਂ ਦੀ ਤਰਾਂ ਉਜਲ ਝਾਲਰ ਦੇਵਤਿਆਂ ਝੁਲਾਏ ਜਾਂਦੇ ਹਨ । ਉਨ੍ਹਾਂ ਦੀ ਡੰਡੀ ਰਤਨਾਂ ਦੀ ਬਣੀ ਹੁੰਦੀ ਹੈ ।
9. ਅਰਿਹੰਤ ਭਗਵਾਨ ਜਿਥੇ ਵਿਰਾਜਦੇ ਹਨ ਉਥੇ ਸਫ਼ਟੀਕ ਮਣੀ ਦੀ ਤਰਾਂ ਨਿਰਮਲ, ਰਤਨਾਂ ਨਾਲ ਜੜਿਆ, ਪਾਦ ਪੀਠੀਕਾ ਵਾਲਾ ਸਿੰਘਾਸਣ ਹੁੰਦਾ ਹੈ ।
10. ਬਹੁਤ ਸੁੰਦਰ ਰਤਨ ਜੜਤ, ਖੰਬੀਆਂ ਵਾਲੀ ਅਤੇ ਅਨੇਕਾ ਛੋਟੇ ਬੜੇ ਝੰਡਿਆਂ ਵਾਲੀ ਇੰਦਰ ਧਵੱਜਾ ਭਗਵਾਨ ਦੇ ਅੱਗੇ ਚਲਦੀ ਹੈ ।
11. ਅਨੇਕਾਂ ਫੁਲਾਂ, ਫਲਾਂ ਨਾਲ ਭਰਪੂਰ ਅਸ਼ੋਕ ਦਰਖਤ ਭਗਵਾਨ ਦੇ ਸ਼ਰੀਰ ਨੂੰ ਆਪਣੀ ਛਾਂ ਨਾਲ ਢਕਦਾ ਹੈ ।
12. ਸਰਦੀ ਵਿਚ ਸੂਰਜ 12 ਗੁਣਾ ਗਰਮੀ ਨਾਲ ਚਮਕਦਾ ਭਗਵਾਨ ਦੇ ਪਿਛੇ ਵਿਖਾਈ ਦਿੰਦਾ ਹੈ ।
13. ਜਿਥੇ ਭਗਵਾਨ ਵਿਰਾਜਦੇ ਹਨ ਉਹ ਭੂਮੀ ਟੋਏ ਟਿੱਬਿਆਂ ਤੋਂ ਰਹਿਤ ਹੋ ਜਾਂਦੀ ਹੈ ।
14. ਭਗਵਾਨ ਦੇ ਪੁੰਨ ਪ੍ਰਤਾਪ ਨਾਲ ਕੰਡੇ ਪੁਠੇ ਹੋ ਜਾਂਦੇ ਹਨ ਅਰਥਾਤ ਉਹ ਆਪਣੇ

ਤਿੱਖੇ ਮੂੰਹ ਹੇਠਾਂ ਨੂੰ ਕਰ ਲੈਂਦੇ ਹਨ।

15. ਭਗਵਾਨ ਦੀ ਕ੍ਰਿਪਾ ਨਾਲ ਸਰਦੀ ਵਿਚ ਮੌਸਮ ਗਰਮ ਅਤੇ ਗਰਮੀ ਵਿਚ ਠੰਡਾਂ ਤੇ ਸੁਹਾਵਨਾ ਹੋ ਜਾਂਦਾ ਹੈ।

16. ਜਿਥੇ ਜਿਥੇ ਭਗਵਾਨ ਘੁੰਮਦੇ ਹਨ ਉਥੋਂ ਚਹੁੰ ਪਾਸੇ ਯੋਜਨ ਤਕ ਗੰਦੇ ਪਦਾਰਥ ਆਪਣੇ ਆਪ ਦੂਰ ਹੋ ਜਾਂਦੇ ਹਨ ਅਤੇ ਖੁਸ਼ਬੂਦਾਰ ਠੰਡੀ ਹਵਾ ਚਲਦੀ ਹੈ।

17. ਤੀਰਥੰਕਰ ਦੇ ਚਾਰੇ ਪਾਸੇ ਇਕ ਯੋਜਨ ਸੁਗੰਧਿਤ ਪਾਣੀ ਦੀ ਵਰਖਾ ਹੁੰਦੀ ਹੈ ਜਿਸ ਨਾਲ ਧੂੜ ਦਬ ਜਾਂਦੀ ਹੈ।

18. ਤੀਰਥੰਕਰ ਦੇਵਤਾਂਵਾਂ ਰਾਂਹੀ ਪੰਜ ਪ੍ਰਕਾਰ ਦੇ ਫੁਲਾਂ ਦੀ ਵਰਖਾ ਨਾਲ ਸ਼ੋਭਾ ਪਾਉਂਦੇ ਹਨ। ਇਨ੍ਹਾਂ ਫੁਲਾਂ ਦੀਆਂ ਡੰਡੀਆਂ ਹੇਠਾ ਨੂੰ ਅਤੇ ਮੂੰਹ ਉਪਰ ਨੂੰ ਹੁੰਦੇ ਹਨ।

19. ਤੀਰਥੰਕਰ ਜਿਥੇ ਵਿਰਾਜਦੇ ਹਨ ਉਥੇ ਅਸ਼ੁਭ, ਭੈੜਾ, ਰੰਗ, ਰਸ, ਵਰਨ ਖਤਮ ਹੋ ਜਾਂਦੇ ਹਨ।

20. ਉਸ ਥਾਂ ਤੇ ਚੰਗੇ ਰੰਗ, ਰਸ, ਵਰਨ, ਸਪਰਸ਼ ਪੈਦਾ ਹੁੰਦੇ ਹਨ।

21. ਤੀਰਥੰਕਰ ਦਾ ਉਪਦੇਸ਼ ਚੰਹੁ ਪਾਸੇ ਇਕ ਯੋਜਨ ਤਕ ਸੁਣਿਆ ਜਾ ਸਕਦਾ ਹੈ।

22. ਤੀਰਥੰਕਰ ਅਰਧ ਮਗਧੀ ਭਾਸ਼ਾ ਵਿਚ ਉਪਦੇਸ਼ ਕਰਦੇ ਹਨ।

23. ਇਹ ਉਪਦੇਸ਼, ਮਨੁਖ, ਪਸ਼ੂ ਅਤੇ ਦੇਵਤੇ ਆਪਣੀ ਆਪਣੀ ਭਾਸ਼ਾ ਵਿਚ ਆਸਾਨੀ ਨਾਲ ਸਮਝ ਸਕਦੇ ਹਨ।

24. ਤੀਰਥੰਕਰ ਦੇ ਦਰਬਾਰ ਵਿਚ ਮਨੁਖ, ਪਸ਼ੂ ਅਤੇ ਦੇਵਤੇ ਆਪਣੇ ਕੁਦਰਤੀ ਵੈਰ ਨੂੰ ਭੁਲ ਜਾਂਦੇ ਹਨ, ਬਿੱਲੀ, ਕੁੱਤਾ, ਸ਼ੇਰ, ਬਕਰੀ, ਚੂਹਾ, ਸੱਪ, ਨਿਉਲਾ ਪ੍ਰੇਮ ਨਾਲ ਬੈਠ ਕੇ ਸਭ ਰੁਚੀ ਨਾਲ ਸੁਣਦੇ ਹਨ।

25. ਤੀਰਥੰਕਰ ਦੇ ਦਰਬਾਰ ਵਿਚ ਹੋਰ ਮਤਾਂ ਵਾਲੇ ਅਸਮਰਥ ਹੋ ਜਾਂਦੇ ਹਨ ਉਨ੍ਹਾਂ ਦੀ ਤਰਕ ਬੁਧੀ ਨਸ਼ਟ ਹੋ ਜਾਂਦੀ ਹੈ।

26. ਤੀਰਥੰਕਰ ਦੇ ਦਰਬਾਰ ਵਿਚ ਦੂਸਰੇ ਮੱਤਾਂ ਦੇ ਪਾਖੰਡੀ ਆਪਣਾ ਹੰਕਾਰ ਛੱਡ ਦਿੰਦੇ ਹਨ।

27. ਚੰਹੁ ਪਾਸੇ 25 ਯੋਜਨ ਤਕ ਟਿਡੀਆਂ ਆਦਿ ਰਾਂਹੀ ਖੇਤਾਂ ਨੂੰ ਨੁਕਸਾਨ ਨਹੀਂ ਪਹੁੰਚਦਾ।

28) ਮਹਾਮਾਰੀ ਨਹੀਂ ਫੈਲਦੀ।

29) ਰਾਜਾ ਅਤੇ ਸੈਨਾ ਵਿਚ ਵਿਦਰੋਹ ਨਹੀਂ ਹੁੰਦਾ।

30) ਨਾਲ ਲਗਦੇ ਦੇਸ਼ ਵਿਚ ਵੀ ਅਜਿਹੀ ਘਟਨਾ ਨਹੀਂ ਵਾਪਰਦੀ।

31) ਜ਼ਿਆਦਾ ਬਾਰਸ਼ ਨਹੀਂ ਹੁੰਦੀ।

32) ਇੰਨੀ ਘੱਟ ਬਾਰਸ਼ ਵੀ ਨਹੀਂ ਪੈਂਦੀ ਕਿ ਅਕਾਲ ਪੈ ਜਾਵੇ।

33) ਅਕਾਲ ਨਹੀਂ ਪੈਂਦਾ।

34) ਜਿਥੇ ਭਗਵਾਨ ਪਧਾਰ ਜਾਂਦੇ ਹਨ ਉਥੇ ਮਹਾਮਾਰੀ ਧਰਮ ਚੱਕਰ ਦੇ ਕਾਰਨ ਹੀ ਸ਼ਾਂਤ ਹੋ ਜਾਂਦੀ ਹੈ।

## ਤੀਰਥੰਕਰਾਂ ਭਾਸ਼ਾ ਦੇ 35 ਗੁਣ ਇਸ ਪ੍ਰਕਾਰ ਹਨ :—

1) ਸੰਸਕਾਰਾਂ ਵਾਲਾ ਉਪਦੇਸ਼ ਹੁੰਦਾ ਹੈ।

2) ਇਕ-ਇਕ ਯੋਜਨ ਤਕ ਸੁਣਾਈ ਦਿੰਦਾ ਹੈ।

3) ਇਸ ਵਿਚ ਉਏ, ਤੂੰ ਜਿਹੇ ਸ਼ਬਦ ਨਹੀਂ ਵਰਤੇ ਜਾਂਦੇ।

4) ਉਨ੍ਹਾਂ ਦਾ ਉਪਦੇਸ਼ ਬਦਲਾਂ ਦੀ ਗਰਜ ਦੀ ਤਰਾਂ ਗੰਭੀਰ ਹੁੰਦਾ ਹੈ।

5) ਉਨ੍ਹਾਂ ਦਾ ਉਪਦੇਸ਼ ਇਸ ਪ੍ਰਕਾਰ ਗੂੰਜਦਾ ਹੈ ਜਿਵੇਂ ਗੁਫਾ ਜਾਂ ਮਹਿਲਾਂ ਵਿਚ ਆਵਾਜ।

6) ਉਨ੍ਹਾਂ ਦੇ ਵਚਨ ਘੀ ਦੀ ਤਰਾਂ ਚਿਕਨੇ ਅਤੇ ਸ਼ਹਿਦ ਦੀ ਤਰ੍ਹਾਂ ਮਿੱਠੇ ਹੁੰਦੇ ਹਨ।

7) ਉਨ੍ਹਾਂ ਦੇ ਵਚਨਾਂ ਤੋਂ 62 ਰਾਗ ਅਤੇ 30 ਰਾਗਣੀਆਂ ਪ੍ਰਗਟ ਹੁੰਦੀਆਂ ਹਨ। ਜਿਨ੍ਹਾਂ ਨੂੰ ਸੁਣ ਕੇ ਸਰੋਤੇ ਝੂਮ ਉਠਦੇ ਹਨ।

8) ਤੀਰਥੰਕਰਾਂ ਦੀ ਬਾਣੀ ਘਟ ਸ਼ਬਦਾਂ ਵਾਲੀ ਤੇ ਜਿਆਦਾ ਅਰਥਾਂ ਨਾਲ ਭਰਪੂਰ ਹੁੰਦੀ ਹੈ।

9) ਉਨ੍ਹਾਂ ਦਾ ਉਪਦੇਸ਼ ਵਿਚ ਕੋਈ ਅਜੇਹੀ ਗੱਲ ਨਹੀਂ ਹੁੰਦੀ ਜੋ ਇਕ ਦੂਸਰੀ ਨਾਲ ਟਕਰਾਵੇ।

10) ਇਹ ਉਪਦੇਸ਼ ਬਿਨਾਂ ਰੁਕਾਵਟ ਤੋਂ ਚਲਦਾ ਹੈ।

11) ਤੀਰਥੰਕਰਾਂ ਦਾ ਉਪਦੇਸ਼ ਸਪਸ਼ਟ ਤੇ ਸ਼ੱਕ ਰਹਿਤ ਹੁੰਦਾ ਹੈ।

12) ਇਹ ਉਪਦੇਸ਼ ਦੋਸ਼ ਰਹਿੱਤ ਹੁੰਦਾ ਹੈ।

13) ਇਸ ਉਪਦੇਸ਼ ਨੂੰ ਸਰੋਤੇ ਇਕ ਮਨ ਹੋ ਕੇ ਸੁਣਦੇ ਹਨ।

14) ਤੀਰਥੰਕਰ ਦੇਸ਼ ਦੀ ਸਥਿਤੀ ਨੂੰ ਵੇਖ ਕੇ ਉਪਦੇਸ਼ ਕਰਦੇ ਹਨ।

15) ਤੀਰੰਥਕਰ ਅਰਥ ਭਰਪੂਰ ਗੱਲਾਂ ਕਰਦੇ ਹਨ। ਇਧਰ ਉਧਰ ਦੀਆਂ ਗੱਲਾਂ ਨਾਲ ਸਮਾਂ ਖਤਮ ਨਹੀਂ ਕਰਦੇ।

16) ਤੀਰਥੰਕਰ ਜੀਵ ਅਜੀਵ ਆਦਿ 9 ਤੱਤਾਂ ਦਾ ਉਪਦੇਸ਼ ਸਾਰ ਭਰਪੂਰ ਸ਼ਬਦਾਂ ਵਿਚ ਕਰਦੇ ਹਨ।

17) ਸੰਸਾਰਿਕ ਕੰਮਾਂ ਦਾ ਵਰਨਣ ਸੰਖੇਪ ਵਿਚ ਕਰਦੇ ਹਨ।

18) ਤੀਰਥੰਕਰ ਦੀ ਵਾਣੀ ਨੂੰ ਬੱਚਾ ਵੀ ਸਮਝ ਸਕਦਾ ਹੈ।

19) ਤੀਰਥੰਕਰ ਆਪਣੇ ਉਪਦੇਸ਼ ਵਿਚ ਆਪਣੀ ਪ੍ਰਸੰਸਾ ਜਾਂ ਕਿਸੇ ਹੋਰ ਦੀ ਨਿੰਦਾ ਨਹੀਂ ਕਰਦੇ।

20) ਤੀਰਥੰਕਰਾਂ ਦੀ ਬਾਣੀ ਦੁਧ ਤੇ ਮਿਸਰੀ ਦੀ ਤਰ੍ਹਾਂ ਮਿੱਠੀ ਹੁੰਦੀ ਹੈ।
21) ਕਿਸੇ ਦੇ ਗੁਪਤ ਭੇਦ ਵੀ ਤੀਰਥੰਕਰ ਪ੍ਰਗਟ ਨਹੀਂ ਕਰਦੇ।
22) ਤੀਰਥੰਕਰ ਕਿਸੇ ਆਦਮੀ ਦੀ ਖੁਸ਼ਾਮਦ ਨਹੀਂ ਕਰਦੇ, ਪਰ ਸੱਚੇ ਗੁਣਾਂ ਨੂੰ ਪ੍ਰਗਟ ਜਰੂਰ ਕਰਦੇ ਹਨ।
23) ਉਨ੍ਹਾਂ ਦਾ ਉਪਦੇਸ਼ ਲੋਕ ਭਲਾਈ ਲਈ ਅਤੇ ਆਤਮਾ ਦੇ ਕਲਿਆਣ ਲਈ ਹੁੰਦਾ ਹੈ
24) ਉਹ ਵਚਨ ਰਾਹੀਂ ਆਤਮਾ ਨੂੰ ਛਿੰਨ ਭਿੰਨ ਨਹੀਂ ਕਰਦੇ।
25) ਉਹ ਆਪਣੀ ਭਾਸ਼ਾ ਵਿਚ ਸ਼ੁਧ ਸ਼ਬਦਾਂ ਦੀ ਵਰਤੋਂ ਕਰਦੇ ਹਨ।
26) ਉਹ ਨਾ ਹੀ ਜੋਰ ਨਾਲ ਬੋਲਦੇ ਹਨ ਨਾ ਹੀ ਹੋਲੀ। ਸਗੋਂ ਦਰਮਿਆਨੀ ਭਾਸ਼ਾ ਬੋਲਦੇ ਹਨ।
27) ਉਨ੍ਹਾਂ ਦੇ ਭਾਸ਼ਨ ਨੂੰ ਸੁਣ ਕੇ ਲੋਕ ਧੰਨ ਧੰਨ ਕਹਿ ਉਠਦੇ ਹਨ।
28) ਉਹ ਭਾਸ਼ਨ ਇਸ ਤਰੀਕੇ ਨਾਲ ਦਿੰਦੇ ਹਨ ਕਿ ਸੁਨਣ ਵਾਲੇ ਦੇ ਸਾਹਮਣੇ ਇਕ ਤਸਵੀਰ ਬਣ ਜਾਂਦੀ ਹੈ।
29) ਧਰਮ ਉਪਦੇਸ਼ ਕਰਨ ਲਗੇ ਵਿਚਕਾਰ ਵਿਚ ਉਹ ਆਰਾਮ ਨਹੀਂ ਕਰਦੇ।
30) ਉਨ੍ਹਾਂ ਦੇ ਭਾਸ਼ਨ ਵਿਚ ਜੋ ਵੀ ਆਉਂਦਾ ਹੈ ਉਸ ਦੇ ਸ਼ਕ ਬਿਨਾਂ ਪੁਛੇ ਹੀ ਦੂਰ ਹੋ ਜਾਂਦੇ ਹਨ।
31) ਉਹ ਜੋ ਆਖਦੇ ਹਨ ਸੁਨਣ ਵਾਲੇ ਉਸ ਨੂੰ ਦਿਲ ਵਿਚ ਵਸਾ ਲੈਂਦੇ ਹਨ।
32) ਤੀਰਥੰਕਰਾਂ ਦਾ ਉਪਦੇਸ਼ ਹਰ ਪਖੋਂ ਸਹੀ ਹੁੰਦਾ ਹੈ ਉਲਟ ਪੁਲਟ ਨਹੀਂ ਹੁੰਦਾ।
33) ਉਨ੍ਹਾਂ ਦੇ ਵਾਕ ਪ੍ਰਭਾਵਸ਼ਾਲੀ ਤੇ ਤੇਜਸਵੀ ਹੁੰਦੇ ਹਨ।
34) ਉਹ ਹਰ ਤੱਥ ਦਾ ਦਰਿੜਤਾ ਨਾਲ ਵਰਨਣ ਕਰਦੇ ਹਨ।
35) ਉਹ ਉਪਦੇਸ਼ ਕਰਦੇ ਕਦੇ ਵੀ ਨਹੀਂ ਥਕਦੇ।

ਉਪਰੋਕਤ ਕਥਨ ਦਾ ਸਾਰ ਇਹ ਹੈ ਕਿ ਤੀਰਥੰਕਰ ਅਰਿਹੰਤ ਸਭ ਕੁਝ ਜਾਨਣ ਤੇ ਵੇਖਣ ਵਾਲੇ ਸਰਵਗ, ਦੇਵਤਿਆਂ, ਪਸ਼ੂਆਂ ਅਤੇ ਮਨੁੱਖਾਂ ਰਾਂਹੀ ਸਤਿਕਾਰ ਯੋਗ, ਜਨਮ ਮਰਨ ਦੀ ਪ੍ਰੰਪਰਾ ਦਾ ਖਾਤਮਾ ਕਰਕੇ ਨਿਰਵਾਨ ਪ੍ਰਾਪਤ ਕਰਨ ਵਾਲੇ ਜੀਵ ਹੁੰਦੇ ਹਨ।

## ਸਿਧ ਪ੍ਰਮਾਤਮਾ

ਜੈਨ ਧਰਮ ਵਿਚ ਆਤਮਾ ਦੀ ਕਰਮ ਮੁਕਤ ਅਵਸਥਾ ਨੂੰ ਹੀ ਸਿੱਧ, ਪ੍ਰਮਾਤਮਾ ਆਖਿਆ ਗਿਆ ਹੈ। ਅਰਿਹੰਤ ਅਵਸਥਾ ਵਿਚ ਆਤਮਾ ਕੇਵਲ ਗਿਆਨ ਪ੍ਰਾਪਤ ਕਰਕੇ 4 ਕਰਮਾਂ ਦਾ ਖਾਤਮਾ ਕਰਦੀ ਹੈ। ਪਰ ਇਸ ਨਿਰਵਾਨ ਅਵਸਥਾ ਵਿਚ ਆਤਮਾ 8 ਕਰਮਾਂ ਦਾ ਖਾਤਮਾ ਕਰਕੇ ਜਨਮ, ਮਰਨ ਦੇ ਚੱਕਰ ਨੂੰ ਖਤਮ ਕਰਕੇ ਆਪਣਾ ਸਿੱਧ, ਬੁਧ, ਅਜਰ, ਅਮਰ, ਸਰਵੱਗ, ਸਰਵਦਰਸ਼ੀ ਅਤੇ ਅੰਨਤ ਸ਼ਕਤੀ ਵਾਨ ਹੋ ਜਾਂਦੀ ਹੈ। ਸਿਧ ਭਗਵਾਨ ਦੇ ਅਨੰਤ ਗੁਣ ਹਨ ਫਿਰ ਵੀ ਸ਼੍ਰੀ ਸੰਮਵਾਯੰਗ ਸੂਤਰ (31) ਵਿਚ

ਸਿੱਧਾਂ ਦੇ 31 ਗੁਣਾ ਦੀ ਚਰਚਾ ਕੀਤੀ ਗਈ ਹੈ।

## ਸਿੱਧਾ ਦੇ ਗੁਣ

1) ਮਤੀ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਦੂਰ ਹੋ ਜਾਂਦਾ ਹੈ।

2) ਸ਼ਰੁਤ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਹੱਟ ਜਾਂਦਾ ਹੈ।

3) ਅਵੱਧੀ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਹੱਟ ਜਾਂਦਾ ਹੈ।

4) ਮਨ ਪ੍ਰਯਅੱਵ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਹੱਟ ਜਾਂਦਾ ਹੈ।

5) ਕੇਵਲ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਹੱਟ ਜਾਂਦਾ ਹੈ। ਇਨ੍ਹਾਂ ਪਰ-ਦਿਆਂ ਦੇ ਦੂਰ ਹੋਣ ਕਾਰਣ ਸਿੱਧ ਭਗਵਾਨ ਨੂੰ ਸਰੱਵਗ ਕਿਹਾ ਜਾਂਦਾ ਹੈ।

6) ਚਕਸ਼ੂ (ਅੱਖ) ਦਰਸ਼ਨ (ਵੇਖਣ ਦੀ ਸ਼ਕਤੀ) ਤੇ ਪਿਆ ਪਰਦਾ ਹੱਟ ਜਾਂਦਾ ਹੈ।

7) ਅਚਕਸ਼ੂ ਦਰਸ਼ਨ ਸੁਣਨ ਦੀ ਸ਼ਕਤੀ ਤੇ ਪਿਆ ਪਰਦਾ ਹਟ ਜਾਂਦਾ ਹੈ।

8) ਅਵੱਧੀ ਦਰਸ਼ਨ ਤੇ ਆਇਆ ਪਰਦਾ ਖਤਮ ਹੋ ਜਾਂਦਾ ਹੈ।

9) ਕੇਵਲ ਦਰਸ਼ਨ ਪਰਦਾ ਹੱਟ ਜਾਂਦਾ ਹੈ।

10) ਨਿੰਦਰਾਂ (ਸੁੱਖ-ਪੂਰਵਕ) ਰੂਪੀ ਦਰਸ਼ਨਾਵਰਨ ਹੱਟ ਜਾਂਦਾ ਹੈ।

11) ਨਿੰਦਰਾਂ-ਨਿੰਦਰਾਂ (ਸੁੱਖ ਪੂਰਵਕ ਸੌਂ ਕੇ ਦੁੱਖ ਪੂਰਵਕ ਜਾਗਣਾ) ਦਾ ਪਰਦਾ ਹੱਟ ਜਾਂਦਾ ਹੈ।

12) ਪ੍ਰਚਲਾ (ਬੈਠ ਬੈਠ ਸੌਣਾ) ਦਾ ਪਰਦਾ ਹੱਟ ਜਾਂਦਾ ਹੈ।

13) ਪ੍ਰਚਲਾ ਪ੍ਰਚਲਾ (ਪਸ਼ੂਆਂ ਦੀ ਤਰ੍ਹਾਂ ਤੁਰਦੇ ਤੁਰਦੇ ਸੌਣਾ, ਦਾ ਪਰਦਾ ਹਟ ਜਾਂਦਾ ਹੈ

14) ਸੱਤਯਾ ਨਿਰਿਧੀ (ਗੂੜੀ ਨੀਂਦ) ਦਾ ਪਰਦਾ ਵੀ ਹੱਟ ਜਾਂਦਾ ਹੈ।

ਇਸ ਪ੍ਰਕਾਰ ਇਹ ਦਰਸ਼ਨਾਂ ਆਵਰਨ ਕਰਮ ਦੀਆਂ ਸਭ ਪ੍ਰਾਕ੍ਰਿਤੀਆਂ ਖਤਮ ਹੋ ਜਾਂਦੀਆਂ ਹਨ।

15-16) ਸਿੱਧ ਭਗਵਾਨ ਨੂੰ ਵੇਦਨੀਆਂ (ਭੋਗਨ ਯੋਗ) ਕਰਮ. ਚਾਹੇ ਉਸਦਾ ਫਲ ਸਾਤਾ [ਸੁੱਖ] ਹੋਵੇ, ਭਾਵੇਂ ਅਸਾਤਾ [ਦੁਖ], ਸਭ ਦਾ ਖ਼ਾਤਮਾ ਹੋ ਜਾਂਦਾ ਹੈ।

17-18) ਮੋਹਨੀਆਂ ਕਰਮਾਂ ਦੀਆਂ ਦੋਹੇ ਪ੍ਰਾਕ੍ਰਿਤੀਆਂ ਦਰਸ਼ਨ ਮੋਹਨੀਆਂ ਅਤੇ ਚਰਿੱਤਰ ਮੋਹਨੀਆਂ ਖਤਮ ਹੋ ਜਾਂਦੀਆਂ ਹਨ।

19-20-21-22) ਆਯੂਕਰਮ ਦਾ ਖਾਤਮਾ ਹੋ ਜਾਂਦਾ ਹੈ। ਸਿੱਧ ਭਗਵਾਨ (1) ਨਰਕ (2) ਦੇਵਤੇ (3) ਮਨੁੱਖ ਤੇ (4) ਪਸ਼ੂ ਜੂਨੀਆਂ ਤੋਂ ਰਹਿਤ ਹੋ ਜਾਂਦੇ ਹਨ।

23-24) ਗੋਤਰ ਕਰਮ ਦਾ ਖਾਤਮਾ ਹੋ ਜਾਂਦਾ ਹੈ। ਗੋਤਰ ਕਰਮ ਦੇ ਪ੍ਰਗਟ ਹੋਣ ਨਾਲ ਜੀਵ ਉਹ ਤੇ ਨੀਚ ਜਾਤੀ ਵਿਚ ਜਨਮ ਲੈਂਦਾ ਹੈ। ਪਰ ਸਿੱਧ ਭਗਵਾਨ 1) ਉੱਚ 2) ਨੀਚ ਦੋਹਾਂ ਅਵਸਥਾ ਤੋਂ ਮੁਕਤ ਹੁੰਦੇ ਹਨ।

25-26) ਨਾਮ ਕਰਮ ਦੇ ਖਾਤਮੇ ਦੇ ਸਿਟੇ ਵਝੋਂ 1) ਸ਼ੁਭ ਅਤੇ 2) ਅਸ਼ੁਭ ਨਾਮਾ ਦੇ

ਕਰਮਾਂ ਦਾ ਚੱਕਰ ਖਤਮ ਹੋ ਜਾਂਦਾ ਹੈ। ਸਿੱਧ ਉਂਝ ਆਪਣੇ ਅਨੰਤ ਗੁਣਾ ਪਖੋਂ ਅਨੰਤ ਨਾਮਾ ਵਾਲੇ ਹਨ।

27-31) ਸਿੱਧ ਭਗਵਾਨ ਦੇ ਪੰਜ ਪ੍ਰਕਾਰ ਦੇ ਅੰਤਰਾਏ ਕਰਮਾਂ ਦਾ ਖਾਤਮਾ ਹੋ ਜਾਂਦਾ ਹੈ 1) ਦਾਨ ਅੰਤਰਾਏ (ਦਾਨ ਵਿਚ ਰੁਕਾਵਟ ਪੈਣਾ) 2) ਲਾਭ ਅੰਤਰਾਏ (ਲਾਭ ਵਿਚ ਰੁਕਾਵਟ ਪੈਣਾ 3) ਭੋਗ ਅੰਤਰਾਏ (ਇਕ ਵਾਰ ਭੋਗਨ ਯੋਗਵਸਤਾ) 4) ਉਪਭੋਗ ਅੰਤਰਾਏ (ਵਾਰ ਵਾਰ ਭੋਗਨ ਯੋਗ ਵਸਤਾਂ) ਸਿੱਧ ਭਗਵਾਨ ਨੂੰ ਇਨ੍ਹਾਂ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਇਸ ਕਾਰਣ ਸਿਧ ਪ੍ਰਮਾਤਮਾ ਨੂੰ ਅੰਨਤ ਸ਼ਕਤੀ ਮਾਨ ਹੈ। ਕਿਹਾ ਗਿਆ ਹੈ।

ਇਨ੍ਹਾਂ ਗੁਣਾ ਨੂੰ ਪੁਰਾਨੇ ਅਚਾਰੀਆ ਨੇ 8 ਭਾਗਾਂ ਵਿਚ ਵੰਡਿਆ ਹੈ।1) ਅੰਨਤ ਗਿਆਨਤਵਾ 2) ਅਨੰਤ ਦਰਸ਼ਨਤਵ 3) ਅਵਿਆਵਾਧਤਵ 4) ਸ਼ਾਯਕ ਸਮਿਆਕਤਵ 5) ਅਵਿਆਏਤਵ 6) ਅਰੂਪੀਤਵ 7) ਅਗੁਰੁ ਲਘੁਤਵ 8) ਅਨੰਤ ਰੀਜਤਵ। ਇਹ ਅਠ ਪ੍ਰਕਾਰ ਦੇ ਕਰਮਾ ਦੇ ਖਾਤਮੇ ਤੋਂ ਬਾਅਦ ਪੈਦਾ ਹੁੰਦੇ ਹਨ।

1) ਪੰਜ ਪ੍ਰਕਾਰ ਦੇ ਗਿਆਨਾਂ ਵਰਨੀਆਂ ਕਰਮ ਖਤਮ ਹੋ ਜਾਣ ਤੋਂ ਬਾਅਦ ਸਿੱਧ ਭਗਵਾਮ ਕੇਵਲ ਗਿਆਨ ਦੇ ਮਾਲਕ ਹੁੰਦੇ ਹਨ। ਜਿਸ ਦੇ ਸਿਟੇ ਵਜੋਂ ਉਹ ਸਭ ਦਰਵ, ਖੇਤਰ, ਕਾਲ ਭਾਵ ਜਾਣਦੇ ਹਨ।
2) ਨੌ ਪ੍ਰਕਾਰ ਦਰਸ਼ਨਾ ਆਵਰਣ ਕਰਨ ਖਤਮ ਹੋਣ ਕਾਰਣ, ਅਨੰਤ ਦਰਸ਼ਨ ਗੁਣ ਪ੍ਰਗਟ ਹੋਇਆ ਹੈ। ਜਿਸ ਕਾਰਣ ਉਹ ਸਭ ਕੁਝ ਵੇਖਣ ਦੀ ਸ਼ਕਤੀ ਰਖਦੇ ਹਨ।
3) ਵੇਦਨੀਆਂ ਕਰਮਾਂ ਦੇ ਦੋਹਾਂ ਭੇਦ ਨੂੰ ਖਤਮ ਕਰਕੇ ਹੋਰ ਦੁਖ ਤੋਂ ਰਹਿਤ ਹੋ ਗਏ ਹਨ। ਇਸੇ ਕਰਕੇ ਉਨ੍ਹਾਂ ਨੂੰ ਅਵਿਆਵਾਦ ਕਿਹਾ ਗਿਆ ਹੈ।
4) ਦੋ ਪ੍ਰਕਾਰ ਦੇ ਮੋਹਨੀਆਂ ਕਰਮ ਦੇ ਖਤਮ ਹੋਣ ਕਾਰਣ ਸਿੱਧਾ ਨੂੰ ਸ਼ਾਯਕ ਸਮਿੱਕਤ ਰਤਨ ਦੀ ਪ੍ਰਾਪਤੀ ਹੋ ਗਈ। ਇਸ ਲਈ ਉਹ ਆਪਣੇ ਆਤਮ ਸਵਰੂਪ ਵਿਚ ਰਮਨ ਕਰਦੇ ਹਨ।
5) ਚਾਰੇ ਪ੍ਰਕਾਰ ਦੇ ਆਯੂ ਖਤਮ ਹੋਣ ਕਾਰਣ, ਸਿੱਧ ਅਵਿਆਏ (ਅਜਰ; ਅਮਰ) ਹੋ ਗਏ ਹਨ।
6) ਦੋ ਪ੍ਰਕਾਰ ਦੇ ਨਾਮ ਕਰਮ ਦੇ ਖਾਤਮੇ ਕਾਰਣ ਇਹ ਸਿੱਧ ਵਰਣ, ਗੰਧ, ਰਸ ਅਤੇ ਸਕਲ ਰਹਿਤ ਹੁੰਦੇ ਹਨ ਇਸੇ ਲਈ ਅਮੂਰਤੀਕ ਅਖਵਾਉਂਦੇ ਹਨ। ਸਿਧ ਦੇ ਸ਼ਰੀਰ, ਅੰਗ ਤੇ ਇੰਦਰੀਆਂ ਨਹੀਂ ਹੁੰਦੀਆਂ।
7) ਗੋਤਰ ਕਰਮ ਦਾ ਖਾਤਮਾ ਹੋਣ ਕਾਰਣ ਸਿਧ ਭਗਵਾਨ ਛੋਟਾਪੁਣ ਅਤੇ ਬੜੇਪਨ ਤੋਂ ਰਹਿਤ ਹੁੰਦੇ ਹਨ।
8) ਪੰਜ ਪ੍ਰਕਾਰ ਦੇ ਅੰਤਰਾਏ ਕਰਮ ਦਾ ਖਾਤਮਾ ਹੋਣ ਕਾਰਣ ਸਿੱਧ ਅੰਨਤ ਸ਼ਕਤੀ ਦੇ

ਮਾਲਕ ਹੁੰਦੇ ਹਨ।

## ਸਿੱਧ ਆਤਮਾ ਦੀਆਂ ਕਿਸਮਾਂ

ਜੈਨ ਧਰਮ ਵਿਚ ਸਿਧ ਗਤੀ ਪ੍ਰਾਪਤ ਕਰਨ ਲਈ ਕਿਸੇ ਵਰਣ, ਜਾਤ, ਨਸਲ ਅਤੇ ਲਿੰਗ ਦਾ ਸੁਆਲ ਨਹੀਂ, ਫੇਰ ਵੀ 15 ਪ੍ਰਕਾਰ ਦੇ ਜੀਵ ਹੀ ਸਿੱਧ ਗਤੀ ਪ੍ਰਾਪਤ ਕਰ ਸਕਦੇ ਹਨ।

1) ਤੀਰਥੰਕਰ ਸਿੱਧ 2) ਅਤੀਰਥੰਕਰ ਸਿੱਧ (ਤੀਰਥੰਕਰ ਤੋਂ ਛੁਟ ਸਿੱਧ ਹੋਣਾ) 3) ਤੀਰਥੰ ਸਿੱਧ (ਸਾਧੂ, ਸਾਧਵੀ ਸ੍ਰਾਵੀਕ ਤੇ ਸ਼ਾਵੀਕਾ ਵਿਚੋਂ ਸਿੱਧ ਹੋਣਾ) 4) ਅਤੀਰਥ ਸਿੱਧ (ਤੀਰਥ ਦੀ ਸਥਾਪਨਾ ਤੋਂ ਪਹਿਲਾਂ ਅਤੇ ਬਾਅਦ ਵਿਚ ਸਿੱਧ ਹੋਣਾ 5) ਸਵੈ ਬੁਧ ਸਿੱਧ—ਪਿਛਲੇ ਜਨਮ ਦਾ ਗਿਆਂਨ ਜਾਣ ਕੇ ਬਿਨਾਂ ਗੁਰੂ ਤੋਂ ਸਾਧੂ ਬਣਕੇ ਕੇਵਲ ਗਿਆਨ ਹਾਸਲ ਕਰਕੇ ਮੁਕਤੀ ਪ੍ਰਾਪਤ ਕਰਨ ਸਿੱਧ ਵਾਲੇ। 6) ਪ੍ਰਤੇਕ ਬੁਧ ਸਿੱਧ :—ਕਿਸੇ ਵਸਤੂ ਨੂੰ ਵੇਖਕੇ ਸਾਧੂ ਬਣਕੇ ਮੁਕੱਤ ਹੋਣ ਵਾਲੇ। 7) ਬੁੱਧ ਬੋਧਿਤ ਸਿੱਧ :—ਅਚਾਰੀਆ ਉਪਾਧਿਆ ਤੇ ਸਾਧੂ ਦੀ ਪ੍ਰੇਰਣਾ ਨਾਲ ਸਾਧੂ ਬਣਨ ਵਾਲੇ ਸਿੱਧ। 8) ਇਸਤਰੀ ਲਿੰਗ ਸਿੱਧ (ਇਸ-ਤਰੀ ਲਿੰਗ ਵਿਚ ਸਿੱਧ ਹੋਣਾ)। 9) ਪੁਰਸ਼ ਲਿੰਗ ਸਿਧ 10) ਨਪੁੰਸਕ ਲਿੰਗ ਸਿੱਧ (ਇਥੇ ਜਨਮ ਤੋਂ ਬਾਅਦ ਬਨੇ ਨਪੁੰਸਕ ਤੋਂ ਭਾਵ ਹੈ)। 11) ਸਵਲਿੰਗ ਸਿੱਧ (ਜੈਨ ਭੇਖ ਵਿਚ ਦੀਖਿਆ ਲੈ ਕੇ ਸਿੱਧ ਗਤੀ ਪ੍ਰਾਪਤ ਕਰਨਾ)। 12) ਅਨੇਲਿੰਗ ਸਿੱਧ (ਜੈਨ ਭੇਖ ਤੋਂ ਛੁਟ ਹੋਰ ਧਰਮਾ ਵਿਚ ਦੀਖਿਆ ਲੈ ਕੇ ਸਿੱਧ ਗਤੀ ਪ੍ਰਾਪਤ ਕਰਨਾ) 13) ਗ੍ਰਹਿ ਲਿੰਗ ਸਿੱਧ—ਗ੍ਰਹਿਸਥ ਦੇ ਭੇਖ ਵਿਚ ਸਿੱਧ ਗਤੀ ਪ੍ਰਾਪਤ ਕਰਨਾ। 14) ਏਕ ਸਿੱਧ—ਜੋ ਮਨੁੱਖ ਇਕ ਸਮੇਂ ਵਿਚ ਇਕੱਲਾ ਹੀ ਸਿੱਧ ਗਤੀ ਹਾਸਲ ਕਰੇ। 15) ਅਨੇਕ ਸਿੱਧ—ਇਕ ਸਮੇਂ ਵਿਚ ਦੋ ਤਿੰਨ ਤੋਂ ਲੈਕੇ 108 ਤੱਕ ਸਿਧ ਗਤੀ ਹਾਸਲ ਕਰ ਸਕਦੇ ਹਨ।

ਜੈਨ ਧਰਮ ਭੇਖ ਜਾਂ ਕ੍ਰਿਆਕਾਂਡ ਪੂਜਕ ਨਹੀਂ ਇਥੇ ਸਗੋਂ ਗੁਣਾ ਦਾ ਪੂਜਕ ਹੈ। ਜੈਨ ਧਰਮ ਵਿਚ ਹਰ ਵਿਅਕਤੀ ਲਈ ਮੁਕਤੀ ਦਾ ਰਾਹ ਖੋਲਦਾ ਹੈ।

## ਇਕੋ ਸਮੇਂ ਸਿੱਧਾਂ ਦੀ ਗਿਣਤੀ

## ਸਿੱਧਾ ਦੇ 31 ਹੋਰ ਗੁਣ

ਸਿਧ ਭਗਵਾਨ ਦੀਆਂ ਤਾਂ ਹੋਰ ਵਿਸ਼ੇਸ਼ਤਾਵਾਂ ਦਾ ਸ਼ਾਸਤਰਾਂ ਵਿਚ ਜਿਕਰ ਆਉਂਦਾ ਹੈ

(1-6) ਸੰਸਥਾਨ, ਪਰਿਮੰਡਲ, ਗੋਲ, ਤਿਕੋਨ, ਚਤੁਰਭੁਜ, ਆਯਤ ਆਦਿ ਆਕਾਰ ਦਾ ਖਾਤਮਾ।

(7-12) ਪੰਜ ਰੰਗਾ ਦਾ ਖਾਤਮਾ

(13-18) ਪੰਜ ਰਸ ਦੇ ਸੁਆਦ ਦਾ ਖਾਤਮਾ।

(19-21) ਹਰ ਪ੍ਰਕਾਰ ਦੀ ਸੁਗੰਧ ਤੇ ਦੁਰਗੰਧ ਦਾ ਖਾਤਮਾ।

(22-30) 8 ਸਪਰਸਾਂ ਦਾ ਖਾਤਮਾ।

(31-33) ਇਸਤਰੀ, ਪੁਰਸ਼ ਅਤੇ ਨਪੁੰਸਕ ਆਦਿ ਜੀਵ ਆਤਮਾ ਦੇ ਭੇਦਾਂ ਦਾ ਖਾਤਮਾ।

(34) ਮੇਲ ਮਿਲਾਪ ਤੋਂ ਰਹਿਤ

(35) ਰੂਪ ਤੋਂ ਰਹਿਤ।

| ਸਿੱਧਾ ਦੀ ਕਿਸਮ | ਇਕ ਸਮੇਂ ਸਿਧ ਗਤੀ ਨੂੰ ਪ੍ਰਾਪਤ ਸਿੱਧਾ ਦੀ ਗਿਣਤੀ |
|---|---|
| ਤੀਰਥੰਕਰ ਦੇ ਤੀਰਥ ਸਮੇਂ | 108 ਤਕ ਸਿਧ ਹੁੰਦੇ ਹਨ |
| ਤੀਰਥ ਦਾ ਖਾਤਮਾ ਹੋਣ ਤੇ | 10 ਤਕ ਸਿੱਧ ਹੁੰਦੇ ਹਨ |
| ਤੀਰਥੰਕਰ ਸਮੇਂ | 20 ਤਕ ਸਿੱਧ ਹੁੰਦੇ ਹਨ |
| ਕੇਵਲੀ ਸਮੇਂ | 108 ਤਕ ਸਿੱਧ ਹੁੰਦੇ ਹਨ |
| ਸਵੈ ਬੁੱਧ | 108 ਤਕ ਸਿੱਧ ਹੁੰਦੇ ਹਨ |
| ਪ੍ਰਤੇਕ ਬੁਧ | 6 ਤਕ ਸਿੱਧ ਹੁੰਦੇ ਹਨ |
| ਬੁੱਧ (ਗਿਆਨੀਆਂ ਰਾਹੀਂ ਪ੍ਰੇਰਿਤ) | 108 ਤਕ ਸਿਧ ਹੁੰਦੇ ਹਨ |
| ਸਵੇਲਿੰਗੀ | 108 ਤਕ ਸਿੱਧ ਹੁੰਦੇ ਹਨ |
| ਅਨੇਲਿੰਗੀ | 10 ਤਕ ਸਿੱਧ ਹੁੰਦੇ ਹਨ |
| ਗ੍ਰਹਿਲਿੰਗੀ | 4 ਤਕ ਸਿੱਧ ਹੁੰਦੇ ਹਨ |
| ਇਸਤਰੀ ਲਿੰਗ | 20 ਸਿੱਧ ਹੁੰਦੇ ਹਨ |
| ਪੁਰਸ਼ ਲਿੰਗੀ | 108 ਸਿੱਧ ਹੁੰਦੇ ਹਨ |
| ਨਪੁੰਸਕ ਲਿੰਗੀ | 10 ਹੁੰਦੇ ਹਨ। |

## ਸਿੱਧ ਪ੍ਰਮਾਤਮਾ ਦੀ ਉਪਾਸਨਾ ਕਿਉਂ ?

ਹੁਣ ਸਵਾਲ ਪੈਦਾ ਹੁੰਦਾ ਹੈ ਜਦ ਸਿੱਧ ਭਗਵਾਨ ਸਾਡੇ ਲਈ ਕੁਝ ਨਹੀਂ ਕਰਦੇ ਤਾਂ ਅਸੀਂ ਕਿਉਂ ਇਨ੍ਹਾਂ ਦਾ ਨਾਂ ਕਿਉਂ ਜਪਦੇ ਹਾਂ ? ਸਿਧ ਭਗਵਾਨ ਭਾਵੇਂ ਸਾਨੂੰ ਸਵਰਗ ਨਰਕ ਨਹੀਂ ਦਿੰਦੇ ਹਨ, ਪਰ ਫਿਰ ਵੀ ਪੂਜਨ ਯੋਗ ਹਨ।

ਸਿੱਧ ਭਗਵਾਨ ਦਾ ਨਾਮ ਜਪਣ ਨਾਲ, ਭਾਵ ਸ਼ੁਧੀ, ਆਤਮ ਸ਼ੁਧੀ, ਪਵਿਤਰ ਭਾਵਨਾ ਅਤੇ ਆਦਰਸ਼ਾਂ ਵਿਚ ਮਜਬੂਤੀ ਆਉਂਦੀ ਹੈ। ਸਿੱਧ ਭਗਵਾਨ ਦਾ ਜਾਪ ਕਰਨ ਵਾਲਾ, ਆਮ ਮਨੁੱਖੀ ਜੀਵ ਸਿੱਧਾਂ ਦੇ ਆਦਰਸ਼ਾਂ ਤੇ ਚੱਲ ਕੇ ਹੀ ਸਿੱਧ ਬਣ ਸਕਦਾ ਹੈ। ਪ੍ਰਮਾਤਮਾ ਬਣ ਸਕਦਾ ਹੈ ਜਨਮ ਮਰਨ ਦੇ ਦੁੱਖਾਂ ਨੂੰ ਖਤਮ ਕਰ ਸਕਦਾ ਹ।

ਸਿੱਧ ਸਾਡੀ ਜੀਵਨ ਯਾਤਰਾ ਦਾ ਆਦਰਸ਼ ਹਨ। ਸਿੱਧਾਂ ਦੀ ਭਗਤੀ। ਕਰਦੇ ਅਸੀਂ ਸੋਚਦੇ ਹਾਂ ਅਸੀਂ ਵੀ ਸਿੱਧਾਂ ਵਾਲੇ ਗੁਣ ਧਾਰਣ ਕਰਕੇ ਪ੍ਰਮਾਤਮਾ ਬਣੀਏ ਸਿੱਧਾਂ ਤੋਂ ਅਸੀਂ ਸੰਸਾਰਕ ਪਦਾਰਥਾ ਦੀ ਕਾਮਨਾ ਨਹੀਂ ਕਰਦੇ। ਨਾਂ ਹੀ ਅਸੀਂ ਸਿੱਧਾਂ ਨੂੰ ਜਨਮ, ਮਰਨ, ਦੁੱਖ, ਸੁੱਖ ਨਰਕ ਤੇ ਸਵਰਗ ਕਾਰਣ ਮੰਨਦੇ ਹਾਂ। ਅਸੀਂ ਤਾਂ ਸਿਰਫ ਸਿਧ

ਆਤਮਾਵਾਂ ਦੇ ਗੁਣਾ ਦੀ ਅਰਾਧਨਾ ਕਰਦੇ ਹਾਂ। ਅਜਿਹਾ ਕਰਨ ਨਾਲ ਆਤਮਾ ਨਿਰਮਲ ਹੁੰਦੀ ਹੈ, ਅਸ਼ੁਭ ਕਰਮਾਂ ਦੀ ਧੂੜ ਝੜਦੀ (ਨਿਰਜਰਾ) ਹੈ। ਅਤੇ ਅਸੀਂ ਵੀ ਸਿੱਧ ਭਗਵਾਨ ਦੀ ਉਪਾਸਨਾ ਕਰਦੇ ਕਰਦੇ ਉਨ੍ਹਾਂ ਵਰਗੇ ਹੋ ਜਾਂਦੇ ਹਾਂ। ਸਿੱਧਾਂ ਬਾਰੇ ਜੈਨ ਧਰਮ ਦਾ ਆਖਣਾ ਹੈ "ਉਹ ਸਿੱਧ ਆਤਮਾ ਪੂਰਣ ਸ਼ੁਧ. ਨਿਰੰਜਣ, ਨਿਰ ਅਕਾਰ ਸਾਰੇ ਕਰਮਾਂ ਤੋਂ ਰਹਿਤ ਹੋ ਜਾਂਦਾ ਹੈ।

ਜੈਨ ਧਰਮ ਵਿਚ ਸੰਸਾਰ ਦੀਆਂ ਸਾਰੀਆਂ ਆਤਮਾਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ।

1) ਵਾਹਰ ਆਤਮਾ—ਇਸ ਅਨੁਸਾਰ ਸਰੀਰ ਹੀ ਸਭ ਕੁਝ ਹੈ। ਅਜੇਹੀ ਹਾਲਤ ਵਿਚ ਸਰੀਰ ਨੂੰ ਆਤਮਾ ਵਰਗੀ ਚੇਤਨ ਅਵਸਥਾ ਦਾ ਗਿਆਨ ਨਹੀਂ ਹੁੰਦਾ।
2) ਅੰਤਰ ਆਤਮਾ—ਇਸ ਅਵਸਥਾ ਵਾਲੇ ਜੀਵ ਨੂੰ ਆਤਮਾ ਤੇ ਸਰੀਰ ਦੀ ਵੱਖ ਵੱਖ ਅਵਸਥਾਵਾਂ ਦਾ ਗਿਆਨ ਹੋ ਜਾਂਦਾ ਹੈ। ਜੀਵ ਸੋਚਦਾ ਹੈ ਕਿ ਜਿਵੇਂ ਦੁਧ ਤੋਂ ਮੱਖਣ ਵੱਖ ਹੁੰਦੇ ਹੋਏ ਵੀ ਇਕ ਵਿਖਾਈ ਦਿੰਦੇ ਹਨ ਇਸੇ ਪ੍ਰਕਾਰ ਵੇਖਣ ਨੂੰ ਮੈਂ ਸਰੀਰ ਹਾਂ ਪਰ ਮੇਰੇ ਸਰੀਰ ਵਿਚ ਆਤਮਾ ਵਿਰਾਜਮਾਨ ਹੈ।
3) ਪ੍ਰਮਾਤਮਾ—ਜਦ ਜੀਵ, ਆਤਮ ਸਵਰੂਪ ਨੂੰ ਪਹਿਚਾਣ ਕੇ ਆਤਮਾ ਤੇ ਪਈ ਪੁਰਾਣੀ ਕਰਮ ਧੂੜ ਝਾੜ ਦਿੰਦਾ ਹੈ: ਚਾਰ ਘਾਤੀ ਕਰਮਾਂ ਦਾ ਨਾਸ਼ ਕਰਕੇ ਕੇਵਲ ਗਿਆਨ ਪ੍ਰਾਪਤ ਕਰ ਲੈਂਦਾ ਹੈ। ਕਰਮ ਬੰਧਨ ਥੋੜਾ ਰਹਿ ਜਾਂਦਾ ਹੈ। ਆਤਮਾ ਅਰਿਹੰਤ ਅਵਸਥਾ ਪ੍ਰਾਪਤ ਕਰਨ ਤੋਂ ਬਾਅਦ ਅੰਤ ਸਮੇਂ ਪ੍ਰਮਾਤਮਾ ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ। ਇਹੋ ਆਤਮਾ ਦੀ ਪਰਮ ਅਵਸਥਾ ਦਾ ਨਾਂ ਹੈ। ਜਿਥੇ ਇਹੋ ਆਤਮਾ, ਹੋਰ ਆਤਮਾਵਾਂ ਲਈ ਆਦਰਸ਼ ਹੋ ਜਾਂਦੀ ਹੈ। ਜਨਮ ਮਰਨ ਦੀ ਅਨਾਦਿ ਕਾਲ ਤੋਂ ਚਲੀ ਪਰੰਪਰਾ ਖਤਮ ਹੋ ਜਾਂਦੀ ਹੈ।

## ਸਿੱਧ ਪ੍ਰਮਾਤਮਾ ਦੀ ਉਪਾਸਨਾ ਦੇ ਲਾਭ

1) ਜੀਵ ਆਤਮਾ, ਪ੍ਰਮਾਤਮਾ ਮਾਰਗ ਤੇ ਤੁਰ ਪੈਂਦੀ ਹੈ।
2) ਆਤਮਾ ਨੂੰ ਆਪਣੀ ਅੰਨਤ ਸ਼ਕਤੀ ਦਾ ਪਤਾ ਲਗਦਾ ਹੈ।
3) ਅਧਿਆਤਮਕ ਵਿਕਾਸ ਹੁੰਦਾ ਹੈ।
4) ਆਤਮਾ ਨੂੰ ਪ੍ਰਮਾਤਮਾ ਬਣਾਉਣ ਵਾਲੀ ਕੇਵਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਿਉਂਦੇ ਇਹ ਆਤਮਾ ਹੀ ਪ੍ਰਮਾਤਮਾ, ਤੀਰਥੰਕਰ ਤੇ ਕੇਵਲੀ ਅਖਵਾਉਂਦੀ ਹੈ।

# ਗੁਰੂ ਦਾ ਸਵਰੂਪ

ਭਾਰਤੀ ਦਰਸ਼ਨ ਤੇ ਧਰਮ ਵਿਚ ਗੁਰੂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ। ਦੁਨੀਆ ਹਰ ਧਾਰਮਿਕ ਵਿਚਾਰ ਧਾਰਾ ਵਿਚ ਗੁਰੂ ਦਾ ਕੋਈ ਨਾ ਕੋਈ ਰੂਪ ਮਿਲ ਜਾਂਦਾ ਹੈ। ਗੁਰੂ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਸਿਧਾ ਅਰਥ ਹੈ ਹਨੇਰੇ ਤੋਂ ਚਾਨਣ ਵਿਚ ਲੈ ਆਉਣ ਵਾਲਾ। ਹਨੇਰੇ ਵਿਚ ਠੋਕਰਾਂ ਖਾਣ ਵਾਲੇ ਮਨੁਖ ਲਈ ਗੁਰੂ ਪ੍ਰਕਾਸ਼ ਦਾ ਕੰਮ ਕਰਦਾ ਹੈ। ਅਜੇਹਾ ਪ੍ਰਕਾਸ਼ ਕਿਸ ਤਰ੍ਹਾਂ ਦਾ ਹੋਵੇ ? ਇਸ ਵਾਰੇ ਸ਼ਾਸਤਰਕਾਰਾਂ ਨੇ ਗੁਰੂ ਦਾ ਗੁਣ ਗਾਣ ਕੀਤਾ ਹੈ।ਇਕ ਗੱਲ ਸਮਝਣ ਵਾਲੀ ਹੈ ਹਰ ਗੁਰੂ ਅਧਿਆਪਕ ਹੋ ਸਕਦਾ ਹੈ ਪਰ ਹਰ ਅਧਿਆਪਕ ਗੁਰੂ ਨਹੀਂ ਬਣ ਸਕਦਾ। ਵਿਦਿਆਰਥੀ ਤੇ ਚੇਲੇ ਵਿਚ ਇਹੋ ਅੰਤਰ ਹੈ। ਗੁਰੂ ਪ੍ਰੇਰਣਾ ਦਿੰਦਾ ਹੈ, ਨਿਰਦੇਸ਼ ਦਿੰਦਾ ਹੈ। ਸੰਸਾਰ ਦੇ ਸਮੁੰਦਰ ਵਿਚ ਗੋਤੇ ਖਾ ਰਹੀ ਆਤਮਾਵਾਂ ਲਈ ਗੁਰੂ ਮਲਾਹ ਦਾ ਕੰਮ ਕਰਦਾ ਹੈ। ਜੈਨ ਧਰਮ ਵਿਚ ਦੋ ਤਰ੍ਹਾਂ ਦੇ ਗੁਰੂ ਨੂੰ ਮੰਨਿਆ ਗਿਆ ਹੈ ਇਕ ਹਨ। (1) ਕਲਾ ਅਚਾਰਿਆ (2) ਧਰਮ ਅਚਾਰਿਆ ਪਹਿਲੇ ਸੰਸਾਰ ਵਿਚ ਰੋਟੀ ਕਮਾਉਣ ਦੀ ਕਲਾ ਸਿਖਾਉਦੇ ਹਨ ਦੂਸਰੇ ਧਰਮ ਅਚਾਰਿਆ ਖੁੱਦ ਧਰਮ ਦਾ ਪਾਲਨ ਸ਼ਾਸਤਰ ਅਨੁਸਾਰ ਕਰਦੇ ਹਨ ਅਤੇ ਦੂਸਰੇ ਨੂੰ ਅਜੇਹਾ ਕਰਨ ਦੀ ਪ੍ਰੇਰਣਾ ਦਿੰਦੇ ਹਨ। ਜੈਨ ਧਰਮ ਵਿਚ ਉਪਾਸ਼ਨਾਂ ਦੇ ਛੇ ਅੰਗਾਂ ਵਿਚ ਗੁਰੂ ਬੰਦਨਾਂ ਦੀ ਜ਼ਰੂਰੀ ਅੰਗ ਹੈ।

ਅਚਾਰੀਆ ਹੇਮ ਕੀਰਤੀ ਨੇ ਕਿਹਾ ਹੈ :

ਜੋ ਸਚੇ ਧਰਮ ਤੱਤਵ ਦਾ ਉਪਦੇਸ਼ ਦਿੰਦਾ ਹੈ ਉਹ ਹੀ ਗੁਰੂ ਹੈ। ਅੱਜ ਸੰਸਾਰ ਗੁਰੂਆਂ ਦਾ ਭਰਿਆ ਪਿਆ ਹੈ ਕਈ ਗੁਰੂ ਦੇ ਨਾਂ ਤੇ ਕਲੰਕ ਹਨ, ਕਈ ਦਾ ਰੋਜ਼ਗਾਰ ਹੈ ਮੰਤਰ ਜੰਤਰ ਰਾਹੀਂ ਲੋਕਾਂ ਨੂੰ ਠਗਨਾ। ਕਈ ਮਾਸ ਸ਼ਰਾਬ ਦਾ ਸੇਵਨ ਕਰਦੇ ਹਨ। ਕਈ ਕਾਮ ਭੋਗੀ ਹਨ। ਕਈ ਪੰਜ ਮਕਾਰ ਦਾ ਸੇਵਨ ਕਰਦੇ ਹਨ। ਸੱਚੇ ਗੁਰੂ ਲਕੜ ਦੀ ਕਿਸ਼ਤੀ ਦੇ ਸਮਾਨ ਹਨ। ਕੁਗੁਰੂ ਪਥਰ ਦੀ ਕਿਸ਼ਤੀ ਹਨ। ਜੋ ਖੁਦ ਵੀ ਡੁਬਦੇ ਹਨ ਹੋਰਾਂ ਨੂੰ ਡੋਬਦੇ ਹਨ। ਸੋ ਇਹ ਜ਼ਰੂਰੀ ਹੈ ਕਿ ਸੱਚ ਗੁਰੂ ਦਾ ਮਾਪ ਦੰਡ ਤਹਿ ਕੀਤਾ ਜਾਵੇ। (ਪ੍ਰ: 2 ਸਲੋਕ 8)

ਸੱਚੇ ਗੁਰੂ ਦੀ ਪਹਿਚਾਨ ਅਚਾਰਿਆ ਹੇਮਚੰਦਰ ਨੇ ਯੋਗ ਨੇ ਯੋਗ ਸ਼ਾਸਤਰ ਵਿਚ ਇਸ ਪ੍ਰਕਾਰ ਕੀਤੀ ਹੈ।

"ਜੋ ਅਹਿੰਸਾ ਆਦਿ ਪੰਜ ਮਹਾਂਵਰਤਾ ਦੇ ਧਾਰਕ ਹਨ ਧੀਰਜ ਗੁਣ ਵਾਲੇ ਹਨ ਹੋਣ ਕਾਰਣ ਭੁਖ ਪਿਆਸ ਆਦਿ ਪਰਿਸ਼ੈ ਸਹਿਦੇ ਹਨ। ਘਰ ਘਰ ਭਿਖਿਆ ਮੰਗ ਕੇ